ੴ ਵਾਹਿ ਗੁਰੂ ਜੀ ਕੀ ਫਤਹਿ।

# ਢਾਡੀ-ਰੰਗ


ਕਰਤਾ

**ਮੋਹਣ ਸਿੰਘ** ਬੀ. ਏ. (ਆਨਰਜ)



ਸਭ ਹੱਕ ਕਰਤਾ ਦੇ ਰਾਖਵੇਂ ਹਨ।



ਅਕਤੂਬਰ—1977.

ਪਹਿਲੀਵਾਰ 1000 ਕਾਪੀ।

Ravi Art Press, Jullundur—4.

# ਵਿਸ਼ੇ ਸੂਚੀ


| | | |
|---|---|---|
| 1. | ਸਮਰਪਣ | 1 |
| 2. | ਦੋ ਸ਼ਬਦ | 2,3 |
| 3. | ਗੁਰਬਾਣੀ | 4,5 |
| 4. | ਗੁਰੂ ਨਾਨਕ ਆਗਮਨ | 6 |
| 5. | ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ | 7 |
| 6. | ਗੁਰੂ ਰਾਮ ਦਾਸ ਜੀ | 8 |
| 7. | ਬੀਬੀ ਭਾਨੀ ਦੀ ਮੰਗ | 9 |
| 8. | ਮਾਤਾ ਦੀ ਮੰਗ, ਮਿਰਜ਼ਾ | 10 |
| 9. | ਗੁਰੂ ਰਾਮ ਦਾਸ ਜੀ ਦਾ ਵਰਦਾਨ | 11 |
| 10. | ਲਹਿਰੀਆ ਛੰਦ | 12,13 |
| 11. | ਸ਼ਹੀਦ ਗੁਰੂ ਅਰਜਨ ਦੇਵ ਜੀ | 14 |
| 12 | ਗੀਤ | 15 |
| 13 | ਮਿਰਜ਼ਾ | 16 |
| 14 | ਦਸਮੇਸ਼ ਆਗਮਨ | 17,18 |
| 15 | ਚਮਕੌਰ ਦੀ ਗੜੀ | 19,20 |
| 16. | ਸ਼ਹੀਦੀ ਛੋਟੇ ਸਾਹਿਬਜ਼ਾਦੇ | 21 |
| 17. | ਗੁਰੂ ਕਲਗੀਧਰ ਦੀ ਕਥਾ | 22,23 |

| | |
|---|---|
| ਦੁਤਾਰਾ | 24,25 |
| ਮਰਦਾਂ ਦੀ ਕਥਾ | 26,27 |
| ਸ਼ਹੀਦਾਂ ਨੂੰ ਸ਼ਰਧਾਂਜਲੀ | 28,29 |
| ਸ਼ਹੀਦਾਂ ਦੀ ਘੋੜੀ | 30 |
| ਗੀਤ | 31,32,33 |
| ਦੇਸ਼ ਦੀਆਂ ਢਕਾਂ ਛੁਡਾਉਣੀਆਂ | 34, 35 |
| ਸ਼ੇਰਿ ਪੰਜਾਬ ਨੂੰ ਸ਼ਰਧਾਂਜਲੀ | 36 |
| ਜੰਞ ਦੇ ਢੁਕਾਉ ਵੇਲੇ ਦਾ ਗੀਤ | 37 |
| ਅਨੰਦ ਕਾਰਜ ਸਮੇਂ ਪੱਲਾ ਫੜਾਉਣ ਸਮੇਂ ਦਾ ਗੀਤ । | 38, 39 |
| ਸਹੁਰੇ ਘਰ ਤੁਰਨ ਸਮੇਂ ਧੀ ਦੀਆਂ ਆਪਣੀਆਂ ਮਾਂ ਨਾਲ ਗੱਲਾਂ | 40,41 |
| ਸਹੁਰੇ ਘਰ ਤੁਰਨ ਸਮੇਂ ਧੀ ਦੇ ਜਜ਼ਬਾਤ | 42 |
| ਗ੍ਰਹਿਸਥ ਸਿਖਿਆ | 43,44 |

# ਸਮਰਪਣ

ਸਚ ਖੰਡ ਵਾਸੀ ਪਿਤਾ ਸ. ਲਾਲ ਸਿੰਘ ਜੀ, ਜਿਹਨਾਂ ਦੀਆਂ ਅਸ਼ੀਰਵਾਦਾਂ ਅਤੇ ਸਧਰਾਂ ਦਾ ਸਦਕਾ, ਮੈਂ ਇਸ ਯੋਗ ਹੋਇਆ ਹਾਂ।

ਅਤੇ ਮਾਤਾ ਜੀ ਕਰਮ ਕੌਰ ਜੋ ਮੈਨੂੰ ਪੰਘੂੜੇ ਵਿਚ ਹੀ ਛਡ ਸਚ ਖੰਡ ਜਾ ਵਸੇ।

ਨੋਟ :—ਇਸ ਪੁਸਤਕ ਦਾ ਕੋਈ ਭੀ ਗੀਤ ਜਾਂ ਕਵਿਤਾ ਲੇਖਕ ਦੀ ਆਗਿਆ ਤੋਂ ਬਿਨਾ ਨਾ ਹੀ ਛਾਪਿਆ ਜਾਵੇ ਅਤੇ ਨਾ ਹੀ ਰੀਕਾਰਡ ਕੀਤਾ ਜਾਵੇ।

# 'ਦੋ-ਸ਼ਬਦ'

'ਢਾਡੀ ਰੰਗ' ਨਾਮ ਦੀ ਇਹ ਛੋਟੀ ਜਿਹੀ ਪੁਸਤਕ, ਢਾਡੀ ਕਾਵਿ-ਕਲਾ ਦੇ ਖੇਤਰ ਵਿਚ ਮੇਰੀ ਪਹਿਲੀ ਕਿਰਤ ਹੈ। ਇਸ ਪੁਸਤਕ ਵਿਚ ਧਾਰਮਿਕ ਅਤੇ ਦੇਸ਼ ਪਿਆਰ ਦੇ ਗੀਤਾਂ ਤੋਂ ਉਪਰੰਤ ਕੁਝ ਨਿਰੋਲ ਢਾਡੀ ਛੰਦ ਭੀ ਹਨ। ਇਹ ਉਹੋ ਰੰਗ ਹਨ ਜਿਹਨਾਂ ਨੂੰ ਮੈਂ ਆਪਣੇ ਢਾਡੀ ਜਥੇ ਸਮੇਤ ਧਾਰਮਿਕ ਸਟੇਜਾਂ ਉਤੇ ਗਾਉਂਦਾ ਹਾਂ। ਮੇਰੇ ਪ੍ਰਸ਼ੰਸਕਾਂ ਨੇ ਇਹਨਾਂ ਦੀ ਬੜੀ ਸ਼ਲਾਘਾ ਕੀਤੀ ਹੈ, ਜਿਸ ਕਰਕੇ ਮੈਂ ਇਹ ਨਿਕੀ ਜਿਹੀ ਪੁਸਤਕ ਛਪਾਉਣ ਦਾ ਹੀਆ ਕੀਤਾ ਹੈ। ਇਹਨਾਂ ਵਿਚੋਂ ਕੁਝ ਰੰਗ ਮੈਂ ਆਪਣੇ ਢਾਡੀ ਜਥੇ ਸਮੇਤ ਰੀਕਾਰਡ ਭੀ ਕਰਵਾਏ ਹਨ।

ਢਾਡੀ ਕਲਾ ਨਾਲ ਮੇਰਾ ਛੋਟੀ ਉਮਰ ਤੋਂ ਹੀ ਬੜਾ ਪਿਆਰ ਹੈ। ਪਰ ਮੇਰੀ ਇਹ ਸਧਰ ਪੰਜਾਬ ਦੀ ਧਰਤੀ ਤੇ ਰਹਿੰਦਿਆਂ ਪੂਰੀ ਨਾ ਹੋ ਸਕੀ। ਕਾਲਜ ਦੀ ਬੀ. ਏ. ਤਕ ਦੀ ਪੜਾਈ ਕਰਕੇ ਸਤੰਬਰ 1961 ਵਿਚ ਮੈਂ ਇੰਗਰੈਂਡ ਚਲਾ ਗਿਆ।

ਇੰਗਲੈਂਡ ਵਰਗੇ ਪਦਾਰਥਵਾਦੀ ਦੇਸ਼ ਵਿਚ ਮਸ਼ੀਨਾ ਨਾਲ ਘੁਲਦਿਆਂ ਭੀ ਮੈਂ ਇਸ ਕਲਾ ਦੇ ਪਿਆਰ ਨੂੰ ਆਪਣੇ ਹਿਰਦੇ ਵਿਚ ਸੰਭਾਲੀ ਰਖਿਆ। ਆਖਰ ਇਸ ਪਿਆਰ ਦੇ ਜ਼ਜ਼ਬੇ ਨੇ 1963 ਈਂ ਵਿਚ ਢਾਡੀ ਜਥੇ ਦਾ ਰੂਪ ਧਾਰਨ ਕੀਤਾ ਜੋ ਹੁਣ ਤਕ ਚਲ ਰਿਹਾ ਹੈ।

ਹੁਣ ਤਕ ਕਈ ਢਾਡੀ ਕਲਾਕਾਰ ਮਿਲੇ ਤੇ ਵਿਛੜੇ ਹਨ। ਇਹਨਾਂ ਸਾਰਿਆਂ ਦਾ ਨਿਘਾ ਪਿਆਰ ਮੈਂ ਆਪਣੇ ਹਿਰਦੇ ਵਿਚ ਸੰਭਾਲਿਆ ਹੋਇਆ ਹੈ। ਮੇਰੇ ਹੁਣ ਦੇ ਸਾਥੀ ਢਾਡੀ ਜਰਨੈਲ ਸਿੰਘ ਅਤੇ ਸਾਰੰਗੀ ਮਾਸਟਰ ਬਲਵੰਤ ਸਿੰਘ 'ਰਾਣਾ' ਮੇਰਾ ਬੜਾ ਸਤਿਕਾਰ ਕਰਦੇ ਹਨ ਅਤੇ ਮੇਰੇ ਦੁਖ ਸੁਖ ਦੇ ਸਾਂਝੀ ਭੀ ਹਨ।

ਅੰਤ ਵਿਚ ਮੈਂ ਇੰਗਲੈਂਡ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦਾ ਰਿਣੀ ਹਾਂ ਜਿਹਨਾਂ ਦੀ ਪ੍ਰਸੰਸਾ ਤੇ ਪਿਆਰ ਨੇ ਮੈਨੂੰ ਇਸ ਯੋਗ ਬਣਾਇਆ ਹੈ।

ਪਾਠਕਾਂ ਦੀ ਹਰ ਤਰ੍ਹਾਂ ਦੀ ਰਾਏ ਤੇ ਸੁਝਾ ਦਾ ਉਡੀਕਵਾਨ।

**ਮੋਹਣ ਸਿੰਘ** ਬੀ. ਏ. (ਆਨਰਜ)

**125, Park St. South**

**Blakenhall,**

**Wolverhampton.**

**U. K.**

**Tel. No. Wolverhampton 332540**

# ਗੁਰਬਾਣੀ

## (ਲਹਿਰੀਆ ਛੰਦ)

1. ਆਇਆ ਧੁਰ ਤੋਂ ਜਾਂ ਹੁਕਮ ਅਕਾਲ ਜੀ।
ਹੋਇਆ ਪੰਥ ਤਿਆਰ ਜੋ ਕਮਾਲ ਜੀ।
ਵੈਰੀ ਪਾਪੀਆਂ ਦਾ ਮਾੜਿਆਂ ਦੀ ਢਾਲ ਜੀ।
ਮਨੋ ਹੁਕਮ ਅਕਾਲ ਗੁਰੂ ਦੇ ਸਵਾਰਿਉ।
ਗਾਵਹੁ ਬਾਣੀ ਸਿਖ ਸਤਿ ਗੁਰੂ ਦੇ ਪਿਆਰਿਉ।

2. ਸੱਚੀ ਬਾਣੀ ਹੈ ਗ੍ਰੰਥ ਮਹਾਂਰਾਜ ਦੀ।
ਸੋਭਾ ਜੁਗੋ ਜੁਗ ਹੋਵੇ ਮਹਾਂਰਾਜ ਦੀ।
ਲਿਖਾਂ ਉਪਮਾ ਕੀ ਸੋਹਣਿਆਂ ਦੇ ਤਾਜ ਦੀ।
ਇਹ ਹੈ ਸੱਚ ਦਾ ਭੰਡਾਰ ਇਹਨੇ ਮੁਕਣਾ ਨਹੀਂ।
ਇਹ ਹੈ ਅਮ੍ਰਿਤੀ ਸੋਮਾ ਇਹਨੇ ਸੁਕਣਾ ਨਹੀਂ।

3. ਜਿਹੜਾ ਸਿੱਖ ਅਖਵਾਵੇ ਸਤਿਗੁਰੂ ਦਾ।
ਉਹਨੂੰ ਹੁਕਮ ਹੈ ਸੱਚੇ ਸਤਿਗੁਰੂ ਦਾ।
ਮੋੜੇ ਹੁਕਮ ਜੋ ਸਿੱਖ ਨਹੀਂ ਉਹ ਗੁਰੂ ਦਾ।
ਉਠ ਅਮ੍ਰਿਤ ਵੇਲੇ ਸ਼ਰਧਾ ਨੂੰ ਧਾਰਿਉ।
ਗਾਵਹੁ ਬਾਣੀ ਸਿਖ ਸਤਿਗੁਰੂ ਦੇ ਪਿਆਰਿਉ।

4. ਬਾਣੀ ਭਰਮਾਂ ਤੇ ਵਹਿਮਾ ਨੂੰ ਮਟਾਉਂਦੀ ਏ।
ਊਚ ਨੀਚ ਵਾਲਾ ਫਰਕ ਗਵਾਉਂਦੀ ਏ।
ਗੇੜਾ ਚਲਦਾ ਚੁਰਾਸੀ ਦਾ ਮੁਕਾਉਂਦੀ ਏ।
ਚੰਦ ਸਚ ਦਾ ਇਹ ਬਦਲਾਂ ਚ ਛੁਪਣਾਂ ਨਹੀਂ।
ਇਹ ਹੈ ਅਮ੍ਰਿਤੀ ਸੋਮਾ ਇਹਨੇ ਸੁਕਣਾ ਨਹੀਂ।

5. ਪੜ ਜਪੁਜੀ ਸਾਹਿਬ ਨਾਲ ਪਿਆਰ ਦੇ।
ਇਹਦਾ ਅਖਰ ਅਖਰ ਮੋਤੀ ਹਾਰ ਦੇ।
ਵਾਂਗ ਲਾਲਾਂ ਦੇ ਦਮਕ ਨੇ ਮਾਰਦੇ।
ਪੜ ਏਸ ਤਾਈਂ ਮੈਲ ਮਨਾ ਦੀ ਉਤਾਰਿਉ।
ਗਾਵਹੁ ਬਾਣੀ ਸਿਖ ਸਤਿਗੁਰੂ ਦੀ ਪਿਆਰਿਉ।

6. ਖਾਨ ਸੁਖਾਂ ਦੀ ਇਹ ਸੋਹਣੀ ਸੁਖਮਣੀ ਏਂ।
ਦੁਖੀ ਰੋਗੀਆਂ ਲਈ ਸੁਖਾਂ ਦੀ ਇਹ ਕਣੀ ਏਂ।
ਬ੍ਰਹਮ ਗਿਆਨੀਆਂ ਦੇ ਸਰੂਪ ਤੋਂ ਇਹ ਬਣੀ ਏਂ।
ਤੀਰ ਸੱਚ ਦਾ ਨਿਸ਼ਾਨਿਆਂ ਤੋਂ ਉਕਣਾ ਨਹੀਂ।
ਇਹ ਹੈ ਅਮ੍ਰਿਤੀ ਸੋਮਾ ਇਹਨੇ ਸੁਕਣਾ ਨਹੀਂ।

7. ਇਹਦੇ ਆਸ਼ਕਾਂ ਦੀ ਵਖਰੀ ਕਹਾਣੀ ਏਂ।
ਲੋਹਾਂ ਤਤੀਆਂ ਤੇ ਸੇਜ ਇਹਨਾਂ ਮਾਣੀ ਏਂ।
ਉਹ ਨਾ ਡੋਲੇ ਜਿਹਨਾਂ ਰਮਜ਼ ਪਛਾਣੀ ਏਂ।
ਸਿਰ ਜਾਏ ਭਾਵੇਂ ਜਾਏ ਨਾ ਸਿਦਕ ਹਾਰਿਉ।
ਗਾਵਹੁ ਬਾਣੀ ਸਿਖ ਸਤਿਗੁਰੂ ਦੇ ਪਿਆਰਿਉ।

8. ਦੇਗਾਂ ਤਤੀਆਂ ਚ ਹੱਸ ਹੱਸ ਨਹਾਉਂਦੇ ਰਹੇ।
ਨਾਲ ਰੰਬੀਆਂ ਦੇ ਖੋਪਰ ਲਹਾਉਂਦੇ ਰਹੇ।
ਸੇਜਾਂ ਸੂਲਾਂ ਦੀਆਂ ਹੱਸ ਕੇ ਹੰਢਾਉਂਦੇ ਰਹੇ।
ਇਹ ਹੈ ਵਹਿਣ ਦਰਿਆਵਾਂ ਦਾ ਜੋ ਰੁਕਣਾ ਨਹੀਂ।
ਇਹ ਹੈ ਅਮ੍ਰਿਤੀ ਸੋਮਾ ਇਹਨੇ ਸੁਕਣਾ ਨਹੀਂ।

# ਗੁਰੂ ਨਾਨਕ ਆਗਮਨ

## ਸਾਕਾ

ਜਦ ਫਿਰ ਗਈ ਮੇਰੇ ਦੇਸ਼ ਤੇ, ਸੀ ਬਾਬਰ ਬਾਣੀ।
ਜਦ ਥਾਂ ਥਾਂ ਹਿਕਾਂ ਤਾਣ ਕੇ, ਫਿਰਦੀ ਮੁਗਲਾਣੀ।
ਜਦ ਪਿੰਜਰੇ ਪਾਈ ਜ਼ਾਲਮਾਂ, ਮਾਂ ਭਾਰਤ ਰਾਣੀ।
ਜਦ ਅਣਖ ਆਨ ਰਾਜਪੂਤ ਦੀ, ਹੋ ਬੈਠੀ ਕਾਣੀ।
ਜਦ ਰਿਸ਼ੀਆਂ ਦੇ ਇਸ ਦੇਸ਼ ਦੀ, ਉਲਝੀ ਸੀ ਤਾਣੀ।
ਬਣ ਵੈਦ ਕਿਸੇ ਨਾ ਰੋਗ ਦੀ, ਜਦ ਨਬਜ਼ ਪਛਾਣੀ।

ਤਦ ਚੜਿਆ ਸੂਰਜ ਸਚ ਦਾ, ਹੋਈ ਰੁਸ਼ਨਾਈ।
ਸੀ ਰੱਬੀ ਰੂਹ ਇਸ ਜਗ ਤੇ, ਨਾਨਕ ਬਣ ਆਈ।

# ਗੁਰੂ ਨਾਨਕ ਦੇਵ ਜੀ ਦਾ ਉਪਦੇਸ਼

(ਭਾਈ ਲਾਲੋ ਦੀ ਕੁੱਲੀ ਵਿਚ)

1. ਲਾਲੋ ਦੀ ਅਜ ਕੁੱਲੀ ਵਿਚ, ਕੋਈ ਗੀਤ ਰਸੀਲੇ ਗਾਉਂਦਾ ਏ।
ਛੇੜ ਰਬਾਬ ਇਲਾਹੀ ਵਾਲੀ, ਸੱਦ ਪਿਆਰ ਦੀ ਲਾਉਂਦਾ ਏ।
ਸਾਦਾ ਮਿੱਠੀ ਬੋਲੀ ਦੇ ਵਿਚ, ਗੂੜ ਗੱਲਾਂ ਸਮਝਾਉਂਦਾ ਏ।
ਆਪਸ ਦੇ ਵਿਚ ਮਿਲਕੇ ਰਹਿਣਾ, ਸਭਨਾ ਤਾਈਂ ਸਿਖਾਉਂਦਾ ਏ

2. ਨਾ ਕੋਈ ਵਡਾ ਨਾ ਕੋਈ ਛੋਟਾ, ਕੁਦਰਤ ਦੇ ਸਭ ਬੰਦੇ ਨੇ।
ਏਕ ਨੂਰ ਤੇ ਸਭ ਜਗ ਉਪਜਿਆ, ਕੌਣ ਭਲੇ ਕੌਣ ਮੰਦੇ ਨੇ।
ਖਸਮੋ ਘੁਥੇ ਜਿਹੜੇ ਬੰਦੇ, ਉਹੋ ਦੁਖ ਸਹੰਦੇ ਨੇ।
ਰਾਮ ਨਾਮ ਦੀ ਖੱਟੀ ਬਾਝੋਂ, ਕੂੜੇ ਸਭ ਹੀ ਧੰਦੇ ਨੇ।

3. ਬੰਦੇ ਦੀ ਇਕ ਜਾਤ ਬੰਦਾ ਹੈ, ਹੋਰ ਬੰਦੇ ਦੀ ਜਾਤ ਨਹੀਂ।
ਏਕੇ ਦੇ ਵਿਚ ਬਰਕਤ ਹੁੰਦੀ, ਏਕੇ ਬਿਨ ਕਰਾਮਾਤ ਨਹੀਂ।
ਭਾਗੋ ਲੁਟੇ ਲਾਲੋ ਤਾਈਂ, ਇਹ ਤਾਂ ਕੋਈ ਇਨਸਾਫ ਨਹੀਂ।
ਉਸ ਮਾਲਕ ਦੀ ਮਰਜ਼ੀ ਦੇ ਬਿਨ ਮਿਲਦੀ ਕੋਈ ਭੀ ਦਾਤ ਨਹੀਂ

4. ਕਰਨੀ ਕਾਹਬਾ ਸੱਚ ਪੀਰ ਹੈ, ਕਲਮਾ ਕਰਮ ਨਿਮਾਜ਼ ਸਹੀ।
ਕੂੜ ਨਿਖੁਟੇ ਬਾਬਾ ਆਖੇ. ਉੜਕ ਸਚੋ ਸਚ ਰਹੀ।
ਸਚ ਸੁਣਾਇਸੀ ਸਚ ਕੀ ਵੇਲਾ, ਸੱਚੀ ਸੱਚੀ ਬਾਤ ਕਹੀ।
ਉੜਕ ਲੇਖਾ ਦੇਣਾ ਪੈਣਾ, ਮਾਲਕ ਬੈਠਾ ਕਢ ਬਹੀ।

# ਗੁਰੂ ਰਾਮ ਦਾਸ ਜੀ

ਕਬਿੱਤ

ਗੁਰੂ ਰਾਮਦਾਸ ਸੋਢੀ ਮਾਣ ਹੈ ਨਿਮਾਣਿਆਂ ਦਾ,
ਤਾਣ ਹੈ ਨਿਤਾਣਿਆਂ ਦਾ ਦੀਨਾਂ ਦਾ ਸਹਾਰਾ ਹੈ।
ਸੇਵਾ ਦਾ ਨਮੂਨਾ ਅਤੇ ਪੁਤਲਾ ਪਿਆਰ ਦਾ ਏ,
ਕੀਤੀ ਹੈ ਕਮਾਈ ਤਾਹੀਉਂ ਗਾਉਂਦਾ ਜਗ ਸਾਰਾ ਹੈ।
ਦੁਖੀਆਂ ਗਰੀਬਾਂ ਤੇ ਨਸੀਬਾਂ ਦਿਆਂ ਮਾਰਿਆਂ ਲਈ,
ਬਾਹਵਾਂ ਅਡੀ ਖੜਾ ਦਾਤਾ ਤੇਰਾ ਦਰਬਾਰਾ ਹੈ।
ਤੇਰੇ ਦਰ ਆਇਆ ਗਿਆ ਖਾਲੀ ਨਾ ਸਵਾਲੀ ਕੋਈ,
ਰਹਿਮਤਾਂ ਲੁਟਾਵੇਂ ਤੇਗ ਭਰਿਆ ਭੰਡਾਰਾ ਹੈ।

ਨੋਟ :— ਗੁਰਪੁਰਬਾਂ, ਅਖੰਡਪਾਠਾਂ, ਅਨੰਦਕਾਰਜਾਂ ਅਤੇ ਹੋਰ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਲਈ ਮੋਹਣ ਸਿੰਘ ਬੀ. ਏ. (ਆਨਰਜ਼) ਦੇ ਢਾਡੀ ਜਥੇ ਦੀ ਬੁਕਿੰਗ ਹੇਠ ਲਿਖੇ ਪਤੇ ਤੋਂ ਕੀਤੀ ਜਾ ਸਕਦੀ ਹੈ।

**Mohan Singh**
**B. A. (Hons.)**
**125 Park St. South**
**Wolverhampton.**
**U. K.**
**Tel. No. Wolverhamton 32540**

# ਬੀਬੀ ਭਾਨੀ ਦੀ ਮੰਗ

ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਉਏ......

ਗੀਤ ਤਰਜ਼ :—

ਦਾਤੇ ਮਿਹਰਾਂ ਦੇ ਮਿਹਰਾਂ ਵਰਸਾ ਦੇਵੋਂ।
ਦੁਖ ਮਜ਼ਲੂਮਾਂ ਦੇ ਮੇਰੀ ਝੋਲੀ ਪਾ ਦੇਵੋਂ।

1. ਸੜਦੇ ਤਕ ਤਕ ਕੇ ਮਜ਼ਲੂਮ ਵਿਚਾਰੇ ਮੈਂ।
ਵਾਰਾਂ ਦੇਸ਼ ਉਤੋਂ ਅਖੀਆਂ ਦੇ ਤਾਰੇ ਮੈਂ।
ਤਤੀਆਂ ਤਵੀਆਂ ਤੇ ਕੋਈ ਆਸਣ ਲਾਵੇਗਾ।
ਸੜਦੀਆਂ ਦੇਗਾਂ ਵਿਚ ਚੰਨ ਮੇਰਾ ਨ੍ਹਾਵੇਗਾ।
ਸੜਦੀ ਦੁਨੀਆਂ ਦੀ ਇਹ ਤਪਸ਼ ਬੁਝਾ ਦੇਵੋਂ।
ਦੁਖ ਮਜ਼ਲੂਮਾਂ............... ।

2. ਰੁੜਦਾ ਦੁਖੀਆਂ ਦਾ ਕੋਈ ਧਰਮ ਬਚਾਵੇਗਾ।
ਜਾ ਕੇ ਚੌਂਕ ਚਾਂਦਨੀ ਸੀਸ ਕਟਾਵੇਗਾ।
ਲੇਖੇ ਵਤਨਾਂ ਦੇ ਕੋਈ ਲਾਕੇ ਪੁਤਰਾਂ ਨੂੰ।
ਮਹਿਲ ਬਣਾਵੇਗਾ ਚਿਣਵਾਕੇ ਪੁਤਰਾਂ ਨੂੰ।
ਬੂਟੇ ਸਿੱਖੀ ਦੇ ਨੂੰ ਪਿਉਂਦ ਚੜ੍ਹਾ ਦੇਵੋਂ।
ਦੁਖ ਮਜਲੂਮਾਂ............... ।

3. ਮਾਵਾਂ ਉਹ ਮੇਰੇ ਪਰਵਾਰ ਚੋਂ ਹੋਣਗੀ।
ਹੱਸ ਹੱਸ ਲਾਲਾਂ ਦੇ ਗਲੀਂ ਹਾਰ ਪਰੋਣਗੀਆਂ।
ਖੂਨ ਬੇਦੋਸ਼ਾਂ ਦਾ ਜਦ ਰੱਜ ਰੱਜ ਡੁਲ੍ਹੇਗਾ।
ਝੰਡਾ ਸਿੱਖੀ ਦਾ ਫਿਰ ਅਰਸ਼ੀਂ ਝੁਲੇਗਾ।
ਸੁਤੀ ਕੌਮਾਂ ਦੀ ਅਜ ਅਣਖ ਜਗਾ ਦੇਵੋਂ।
ਦੂਖ ਮਜ਼ਲੂਮਾਂ............... ।

# ਮਾਤਾ ਦੀ ਮੰਗ

ਭਾਈ ਭਗਤੂ ਜੀ ਸਿਖ ਇਤਹਾਸ ਵਿਚ ਇਕ ਪਰਸਿੱਧ ਗੁਰ ਸਿਖ ਹੋਏ ਹਨ। ਆਪ ਦੇ ਮਾਤਾ ਪਿਤਾ ਮਾਲਵੇ ਦੇ ਪਿੰਡ ਬਿੰਜੋ ਦੇ ਰਹਿਣ ਵਾਲੇ ਸਨ।ਵਡੇਰੀ ਉਮਰ ਤਕ ਇਹਨਾਂ ਦੇ ਘਰ ਕੋਈ ਔਲਾਦ ਨਾ ਹੋਈ। ਆਖਰ ਇਹ ਦੰਪਤੀ ਜੋੜਾ ਚੌਥੇ ਪਾਤਸ਼ਾਹ ਗੁਰੂ ਰਾਮ ਦਾਸ ਪਾਤਸ਼ਾਹ ਦੇ ਦਰਬਾਰ ਵਿਚ ਚਕ ਰਾਮਦਾਸ ਪੁਰ (ਅਮ੍ਰਿਤਸਰ) ਆਏ। ਏਨੀ ਸੇਵਾ ਕੀਤੀ ਕਿ ਗੁਰੂ ਘਰ ਦੀਆਂ ਖੁਸ਼ੀਆਂ ਪਰਾਪਤ ਕੀਤੀਆਂ। ਮਿਹਰਾਂ ਦੇ ਸਾਈਂ ਗੁਰੂ ਰਾਮਦਾਸ ਜੀ ਮਾਤਾ ਪਿਤਾ ਦੀ ਸੇਵਾ ਤੋਂ ਖੁਸ਼ ਹੋਕੇ ਵਰ ਮੰਗਣ ਲਈ ਆਖਦੇ ਹਨ। ਅਗੋਂ ਮਾਤਾ ਜੀ ਇਸ ਤਰ੍ਹਾਂ ਆਖਦੇ ਹਨ।

# ਮਿਰਜ਼ਾ

ਹਥ ਬੰਨ ਮਾਤਾ ਬੋਲਦੀ, ਸੁਣ ਸੱਚੇ ਸਿਰਜਨ ਹਾਰ।
ਤੈਨੂੰ ਕਹਿੰਦੇ ਦਾਤਾ ਜਗਤ ਦਾ, ਤੇਰੇ ਅਨਖੁਟ ਭਰੇ ਭੰਡਾਰ।
ਮੈਂ ਸੋਭਾ ਸੁਣ ਕੇ ਆ ਗਈ, ਤੇਰਾ ਉੱਚਾ ਤਕ ਦਰਬਾਰ।
ਗਈ ਉਮਰ ਬੁਢੇਪਾ ਆ ਗਿਆ, ਦੇ ਲਈ ਨਸੀਬਾਂ ਹਾਰ।
ਕਈ ਪੂਜੇ ਦੇਵੀ ਦੇਵਤੇ, ਪਰ ਕਿਸੇ ਨਾ ਸੁਣੀ ਪੁਕਾਰ।
ਸਾਨੂੰ ਅੰਤਰੇ ਕਹਿਣ ਸ਼ਰੀਕ ਭੀ, ਦਿਲ ਸਾੜਨ ਮਿਹਣੇ ਮਾਰ।
ਇਕ ਪੁਤਰ ਖਾਤਰ ਦਾਤਿਆ, ਮੈਂ ਛਡ ਆਈ ਘਰ ਵਾਰ।
ਨਹੀਂ ਮੰਗਦੀ ਧਨ ਤੇ ਦੌਲਤਾਂ, ਨਹੀਂ ਮੰਗਦੀ ਰਾਜ ਦੁਆਰ।
ਇਕ ਦਿਲ ਵਿਚ ਸਿਕ ਔਲਾਦ ਦੀ, ਕਰ ਨਜ਼ਰ ਮਿਹਰ ਦੀ ਤਾਰ
ਦੇਹ ਦਾਤ ਪੁਤਰ ਦੀ ਮਾਲਕਾ, ਮੇਰਾ ਸੜਦਾ ਸੀਨਾ ਠਾਰ।

# ਗੁਰੂ ਰਾਮ ਦਾਸ ਜੀ ਦਾ ਵਰਦਾਨ

ਮਾਤਾ ਦੀ ਪੁਤਰ ਦੀ ਮੰਗ ਸੁਣ ਕੇ ਗੁਰੂ ਰਾਮਦਾਸ ਜੀ ਨੇ ਨੇਤਰ ਬੰਦ ਕਰ ਲਏ। ਕੁਝ ਦੇਰ ਪਿਛੋਂ ਨੇਤਰ ਖੋਲੇ ਤੇ ਆਖਣ ਲਗੇ। 'ਮਾਤਾ ਤੇਰੇ ਭਾਗਾਂ ਵਿਚ ਵਿਧਾਤਾ ਨੇ ਪੁਤਰ ਦੀ ਦਾਤ ਨਹੀਂ ਲਿਖੀ। ਇਸ ਵਾਸਤੇ ਤੂੰ ਕੋਈ ਹੋਰ ਵਰ ਮੰਗ ਲੈ'। ਮਾਤਾ ਆਖਣ ਲਗੀ 'ਸਚੇ ਪਾਤਸ਼ਾਹ ਜੇ ਅਗੇ ਨਹੀਂ ਲਿਖਿਆ ਤੇ ਹੁਣ ਆਪ ਲਿਖ ਦਿਤੇ।' ਹਜ਼ੂਰ ਨੇ ਫੇਰ ਨੈਣ ਮੁੰਦ ਲਏ ਤੇ ਕੁਝ ਸਮਾਂ ਅੰਤਰ ਧਿਆਨ ਰਹਿਣ ਪਿਛੋਂ ਫੇਰ ਬੋਲੇ 'ਮਾਤਾ ਭਾਗ ਪਲਟੇ ਨਹੀਂ ਜਾ ਸਕਦੇ, ਵੰਡੇ ਜਾ ਸਕਦੇ ਹਨ। ਅਸਾਂ ਤੇਰੇ ਵਾਸਤੇ ਗੁਰੂ ਨਾਨਕ ਦੇ ਦਰਬਾਰ ਵਿਚ ਅਰਦਾਸ ਕੀਤੀ ਹੈ। ਸੋ ਮਨਜ਼ੂਰ ਹੋਈ ਹੈ। ਸਾਡੇ ਘਰ ਚਾਰ ਪੁਤਰ ਹੋਣੇ ਸਨ। ਹੁਣ ਤਿੰਨ ਸਾਡੇ ਘਰ ਹੋਣਗੇ ਚੌਥਾ ਜਿਹੜਾ ਸਾਡੇ ਘਰ ਹੋਣਾ ਸੀ, ਹੁਣ ਆਪ ਦੇ ਘਰ ਹੋਵੇਗਾ। ਉਹਦਾ ਨਾਮ ਭਾਈ ਭਗਤੂ ਰਖਣਾ। ਬੜਾ ਜਤੀ, ਸਤੀ ਤੇ ਬੁਧਵਾਨ ਹੋਵੇਗਾ। ਸਿੱਖੀ ਵਿਚ ਸੇਵਾ ਦੀ ਮਿਸਾਲ ਹੋਵੇਗਾ। ਮਿਹਰਾਂ ਦੇ ਸਾਈਂ ਮਾਤਾ ਨੂੰ ਇਉਂ ਆਖਦੇ ਹਨ।

## 'ਲਹਿਰੀਆ ਛੰਦ'

1. ਸੁਣ ਗਲ ਅਗੋਂ ਸਤਿਗੁਰ ਬੋਲਦੇ।
ਸੋਹਣੇ ਮੁਖੜੇ ਚੋਂ ਪਰੇਮ ਰਸ ਡੋਲਦੇ।
ਅਸੀਂ ਰਹਿੰਦੇ ਹਾਂ ਪਰੇਮੀਆਂ ਨੂੰ ਟੋਲਦੇ।

ਇਹ ਹੈ ਨਾਨਕ ਦਾ ਦਰ ਦੁਨੀਆਂ ਦੇ ਵਾਲੀ ਦਾ।
ਫਲ ਮਿਲਦਾ ਜਰੂਰ ਇਥੇ ਘਾਲ ਘਾਲੀ ਦਾ।

2. ਜਿਹਨਾਂ ਸੇਵਾ ਹੈ ਕਮਾਈ ਗੁਰੂ ਘਰ ਦੀ।
ਧੂੜੀ ਮਸਤਕ ਲਾਈ ਏਸ ਦਰ ਦੀ।
ਉਹਨਾਂ ਪਾਈ ਹੈ ਖਬਰ ਏਸ ਦਰ ਦੀ।

ਏਸ ਦਰ ਤੇ ਨਿਮਾਣਿਆਂ ਨੂੰ ਮਾਣ ਮਿਲਦਾ।
ਏਥੇ ਢਠਿਆਂ ਨਿਤਾਣਿਆਂ ਨੂੰ ਤਾਣ ਮਿਲਦਾ।

3. ਏਸ ਦਰ ਨੂੰ ਹੰਕਾਰ ਮੂਲ ਭਾਉਂਦਾ ਨਹੀਂ।
ਏਥੇ ਆਕੇ ਮੈਲ ਮਨ ਦੀ ਜੋ ਲਾਹੁੰਦਾ ਨਹੀਂ।
ਰਹੇ ਸਖਣਾ ਜੋ ਹਉ ਮੈਂ ਨੂੰ ਗਵਾਉਂਦਾ ਨਹੀਂ।

ਤੁਸਾਂ ਸੇਵਾ ਹੈ ਕਮਾਈ ਨਿਸਚੇ ਨੂੰ ਧਾਰ ਜੀ।
ਤੁਠਾ ਤਾਹੀਉਂ ਅਜ ਆਪ ਗੁਰੂ ਕਰਤਾਰ ਜੀ।

4. ਤੁਹਾਡੇ ਭਾਗਾਂ ਚ ਨਹੀਂ ਲਿਖੀ ਸੰਤਾਨ ਹੈ।
ਪਰ ਸਤਿਗੁਰੂ ਬੜਾ ਮਿਹਰਬਾਨ ਹੈ।
ਸਦਾ ਸੇਵਕਾਂ ਦਾ ਰਖਦਾ ਧਿਆਨ ਹੈ।

ਅਸਾਂ ਕੀਤੀ ਅਰਦਾਸ ਮੰਨ ਲਈ ਗੁਪਾਲ ਜੀ।
ਗੋਦ ਤੇਰੀ ਮਾਤਾ ਖੇਡੇਗਾ ਸੁੰਦਰ ਬਾਲ ਜੀ।

5. ਸਾਡੇ ਘਰ ਹੋਣੇ ਸਨ ਚਾਰ ਲਾਲ ਜੀ।
ਅਜ ਵੰਡ ਲਏ ਮੈਂ ਭਾਗ ਤੁਹਾਡੇ ਨਾਲ ਜੀ।
ਚੌਹਾਂ ਵਿਚੋਂ ਇਕ ਹੋਇਆ ਤੁਹਾਡਾ ਬਾਲ ਜੀ।

ਤੁਸਾਂ ਕੀਤੀ ਦਿਲੋਂ ਸੇਵਾ ਜਾਣ ਸੱਚਾ ਦਰ ਜੀ।
ਤਾਹੀਤੂੰ ਖਾਲੀ ਗੋਦ ਮਾਤਾ ਤੇਰੀ ਗਈ ਭਰਜੀ।

6. ਪੁਤ ਹਊ ਜਤੀ ਸਤੀ ਬੁਧਵਾਨ ਜੀ।
ਰਹਿੰਦੀ ਦੁਨੀਆਂ ਤਾਈਂ ਰਹੇਗਾ ਨਿਸ਼ਾਨ ਜੀ।
ਕੰਮ ਕਰੇਗਾ ਉਹ ਸਿੱਖੀ ਲਈ ਮਹਾਨ ਜੀ।

ਸੈਆਂ ਪੀੜੀਆਂ ਤਾਈਂ ਬੰਸ ਉਹਦੀ ਰਹੂ ਚਲਦੀ।
ਸਦਾ ਚਰਚਾ ਰਹੂਗੀ ਜਗ ਏਸ ਗਲ ਦੀ।

7. ਪਾਕੇ ਵਰਦਾਨ ਮਾਤਾ ਮੁਖੋਂ ਬੋਲਦੀ।
ਐਵੇਂ ਰਹੀ ਖਾਕ ਰਾਹਾਂ ਵਿਚ ਰੋਲਦੀ।
ਅਜ ਮਿਲਿਆ ਜੋ ਦਰ ਰਹੀ ਟੋਲਦੀ।

ਤਪੀ ਹਿਕ ਸੀ ਜੋ ਦਾਤਾ ਅਜ ਗਈ ਠਰ ਜੀ।
ਖਾਲੀ ਮਮਤਾ ਦੀ ਝੋਲੀ ਅਜ ਗਈ ਭਰ ਜੀ।

★—★—★

# ਸ਼ਹੀਦ ਗੁਰੂ ਅਰਜਨ ਦੇਵ ਜੀ

## ਗੀਤ

ਚੰਨ ਮਾਂ ਭਾਨੀ ਦਾ, ਬੈਠਾ ਤਵੀਆਂ ਤੇ ਆਸਣ ਲਾ।
ਦੇਗਾਂ ਖੌਲਦੀਆਂ, ਪਾਪੀ ਰੱਬ ਨੂੰ ਰਿਹਾ ਅਜ਼ਮਾਂ।

1. ਹੇਠਾਂ ਤੱਤੀ ਤਵੀ ਉਤੇ ਤੱਤੀ ਰੇਤ ਪੈਂਦੀ,
ਤਪਦਾ ਏ ਜੇਠ ਮਹੀਨਾ।
ਲੋਹਾਂ ਉਤੇ ਬੈਠਾ ਰੱਬੀ ਨੂਰ ਪਿਆ ਹਸਦਾ ਏ,
ਧਰਤੀ ਦਾ ਧੜਕੇ ਸੀਨਾ।
ਦੇਗ ਦੇ ਉਬਾਲੇ ਵਿਚ ਰਿਝਦੀ ਏ ਜਿੰਦ,
ਪਰ ਅਣਖ ਰਹੀ ਮੁਸਕਾ।
ਚੰਨ ਮਾਂ.................।

2. ਮਖਣਾ ਦੇ ਪਾਲੇ ਇਸ ਸੋਹਲ ਜਿਹੇ ਸਰੀਰ ਉਤੇ,
ਪਏ ਕਹਿਰਾਂ ਦੇ ਛਾਲੇ।
ਤਕ ਕੇ ਅਣੋਖਾ ਇਹ ਢੰਗ ਕੁਰਬਾਨੀ ਵਾਲਾ,
ਤੜਪ ਉਠੇ ਦਿਲ ਵਾਲੇ।
ਡੋਲ ਨੀਰ ਅਖੀਆਂ ਚੋਂ ਰਿਹਾ ਸਾਈਂ ਮੀਆਂ ਮੀਰ,
ਭੱਠੀ ਦੀ ਅਗ ਬੁਝਾ।
ਚੰਨ..................।

3. ਸਚ ਨੂੰ ਨਾ ਦਾਗ ਲਗੇ ਸੁਣ ਚੰਦੂ ਪਾਪੀਆ ਉਏ,
ਲਾਹ ਲੈ ਭਾਵੇਂ ਰੀਝਾਂ ਰਜ-2 ਕੇ।
ਕੂੜ ਤੇ ਜਬਰ ਤੇਗ ਟੁਟ ਚੂਰੋ ਚੂਰ ਹੋਣਾ,
ਸਚ ਤੇ ਸਬਰ ਨਾਲ ਲਗ ਕੇ।
ਜਗਦੀਆਂ ਤੂਫਾਨਾਂ ਵਿਚ ਨੂਰ ਦੀਆਂ ਬਤੀਆਂ ਨੂੰ,
ਸਕਦਾ ਏ ਕੌਣ ਬੁਝਾ।
ਚੰਨ..................।

## ਗੀਤ

(ਤਰਜ਼ :— ਅਫਸਾਨਾ ਲਿਖ ਰਹੀ ਹੂੰ........)

ਭਾਨੀ ਦੀ ਅੱਖ ਦਾ ਤਾਰਾ, ਇਹ ਸ਼ੋਮਾ ਪਿਆਰ ਦਾ ।
ਬਹਿ ਤਤੀਆਂ ਤਵੀਆਂ ਉਤੇ, ਤਪਿਆਂ ਨੂੰ ਠਾਰਦਾ ।

1. ਤਤੀਆਂ ਤਵੀਆਂ ਤੇ ਬੈਠਾ, ਸਿਰ ਰੇਤ ਪੈਂਦੀ ਏ ।
ਮਖਣਾ ਨਾਲ ਪਲੀ ਹੋਈ ਜਿੰਦੜੀ, ਅਜ ਦੁਖੜੇ ਸਹਿੰਦੀ ਏ ।
ਤਨ ਛਾਲੇ ਛਾਲੇ ਹੋਇਆ, ਸੱਚੀ ਸਰਕਾਰ ਦਾ ।

ਬਹਿ ਤਤੀਆਂ.................. ।

2. ਫਿਰ ਦੇਗਾਂ ਦੇ ਵਿਚ ਉਬਲੇ, ਸੋਢੀ ਦੁਲਾਰਾ ਏ ।
ਗੰਗਾ ਦੇ ਸਿਰ ਦਾ ਸਾਈ, ਭਾਨੀ ਦਾ ਪਿਆਰਾ ਏ ।
ਪਿਆ ਡੁੱਬ ਡੁੱਬ ਦੇਗਾਂ ਅੰਦਰ, ਡੁਬਿਆਂ ਨੂੰ ਤਾਰਦਾ ।

ਬਹਿ ਤਤੀਆਂ.................. ।

3. ਸਿੱਖੀ ਦਾ ਬੂਟਾ ਲਾਇਆ, ਸੀ ਜਗ ਦੇ ਮਾਲੀ ਨੇ ।
ਪਾ ਖੂਨ ਜਿਸਮ ਦਾ ਸਿੰਜਿਆ, ਇਹਨੂੰ ਹਿੰਦ ਦੇ ਮਾਲੀ ਨੇ ।
ਅਜ ਖਿੜ ਖਿੜ ਕੇ ਇਹ ਬੂਟਾ, ਮਹਿਕਾਂ ਖਿਲਾਰਦਾ ।

ਬਹਿ ਤਤੀਆਂ.................. ।

★—★—★

# ਮਿਰਜ਼ਾ

ਤੱਤੀ ਤਵੀ ਤੇ ਪੰਜਵੇਂ ਪਾਤਸ਼ਾਹ, ਬੈਠੇ ਰਾਜ ਸਮਾਧੀ ਲਾ।
ਮੱਥਾ ਖਿੜਿਆ ਬੁਲੀਆਂ ਫਰਕੀਆਂ, ਕਿਹਾ ਮੁਖ ਚੋਂ ਆਖ ਸੁਣਾ।
ਨਹੀਂ ਸੇਕ ਤਵੀ ਦਾ ਸਾੜਦਾ, ਨਹੀਂ ਲਾਟਾਂ ਦੀ ਪਰਵਾਹ।
ਸਾਥੋਂ ਹਰਇਕ ਕਿਣਕਾ ਰੇਤ ਦਾ, ਰਿਹਾ ਆਪਾ ਘੋਲ ਘੁਮਾ।
ਇਹ ਤਖਤ ਸੁਨਹਿਰੀ ਜਾਪਦਾ, ਤਾਹੀਉਂ ਬੈਠਾ ਤਾੜੀ ਲਾ।
ਭਾਣਾ ਮੰਨਣਾ ਕੰਮ ਫਕੀਰ ਦਾ, ਚੰਗੀ ਮਾਲਕ ਦੀ ਰਜ਼ਾ।
ਕੱਚੇ ਰਹਿਣ ਨਾ ਭਾਂਡੇ ਅਣਖ ਦੇ, ਰਿਹਾ ਰੀਝਾਂ ਨਾਲ ਪਕਾ।
ਬੰਜਰ ਪਈ ਪੰਜਾਬ ਦੀ ਧਰਤ ਤੇ, ਰਿਹਾਂ ਮਿੱਠੇ ਬੂਟੇ ਲਾ।
ਲਗਣੇ ਸਿਦਕਾਂ ਦੇ ਫਲ ਏਸ ਨੂੰ, ਸਿੰਜਾਂ ਲਹੂ ਸਰੀਰੋਂ ਪਾ।
ਸਭ ਭਗਤ ਪਿਆਰੇ ਰੱਬ ਦੇ, ਦੇ ਹੋਕਾ ਰਿਹਾਂ ਜਗਾ।
ਉਠੋ ਪਰਖ ਸਿਖੀ ਦੀ ਵੇਖ ਲਉ, ਤਕੋ ਆਸ਼ਕ ਦੀ ਅਦਾ।
ਸੁਣੋ ਭਾਰਤ ਮਾਂ ਦੀਉ ਦੇਵੀਉ. ਮੰਨੋ ਮੇਰੀ ਇਕ ਰਜ਼ਾ।
ਤੁਸੀਂ ਭੈਣਾ ਭਾਨੀ ਮਾਂ ਦੀਆਂ, ਲਿਉ ਕੁਖ ਨੂੰ ਸਫਲ ਬਣਾ।
ਜਦ ਲੋੜ ਪਵੇਗੀ ਦੇਸ਼ ਨੂੰ, ਦਿਉ ਪੁਤਰ ਭੇਟ ਚੜ੍ਹਾ।
ਨਾ ਰਖਣਾ ਸਰਫਾ ਜਾਨ ਦਾ, ਦਿਉ ਤਨ ਮਨ ਧਨ ਲੁਟਾ।
ਕੀ ਜ਼ਿੰਦਗੀ ਜਗ ਤੇ ਉਸ ਦੀ, ਜੋ ਕੰਮ ਸਕੇ ਨਾ ਆ।

# ਦਸਮੇਸ਼ ਆਗਮਨ

ਤਰਜ਼—ਜੱਗਾ

1. ਚਲੋ ਸਖੀਉ ਦੇਖਣ ਚਲੀਏ, ਪਟਣੇ ਚ, ਚੰਦ ਚੜਿਆ।
ਜਿਹਦੀ ਰਿਸ਼ਮ ਉਜਾਲਾ ਕੀਤਾ, ਨੂਰ ਹੋਇਆ ਸਾਰੇ ਜਗ ਤੇ।
ਅਜ ਨੀ (2) ਕਿ ਦਰਸ਼ਨ ਕਰ ਲਈਏ ਰਜ ਰਜ ਨੀ।

2. ਆਇਆ ਚਲ ਕੇ ਹੇਮ ਦਾ ਵਾਸੀ, ਦੁਖੀਆਂ ਦੇ ਦੁਖ ਕਟਣੇ।
ਅਖ ਉਘੜੀ ਸਮਾਧੀ ਖੁਲ ਗਈ, ਆਹ ਸੁਣ ਦੁਖੀਆਂ ਦੀ।
ਚਲਿਆ (2) ਕਿ ਦੁਸ਼ਟਾਂ ਨੂੰ ਦੰਡ ਦੇਣ ਲਈ ਰੱਬ ਘਲਿਆ।

3. ਅਜ ਮੁੜ ਕੇ ਬਹਾਰਾਂ ਆਈਆਂ, ਪਤਝੜ ਦੂਰ ਹੋਈ।
ਪੱਤੇ ਪੱਤੇ ਤੇ ਨੂਰ ਪਿਆ ਡਲਕੇ, ਕਲੀਆਂ ਨੇ ਘੁੰਡ ਚਕ ਲਏ।
ਹਸੀਆਂ (2) ਕਿ ਖੁਸ਼ੀਆਂ ਪਿਆਰ ਦੀਆਂ ਮਨ ਵਸੀਆਂ।

4. ਮਾਤਾ ਗੁਜਰੀ ਦਾ ਵਿਹੜਾ ਪਿਆ ਸਜਦਾ, ਲੋ ਤਕ ਏਸ ਨੂਰ ਦੀ।
ਤਾਰੇ ਛੁਪ ਗਏ ਅੰਬਰ ਦੇ ਸਾਰੇ, ਚੋਧਵੀਂ ਦਾ ਚੰਦ ਵੇਖ ਕੇ।
ਪਿਆਰ ਦਾ (2) ਕਿ ਦੀਦ ਇਹਦਾ ਤਪਿਆਂ ਦੇ ਸੀਨੇ ਠਾਰਦਾ।

5. ਆਇਆ ਖਲ ਦਲ ਭੰਜਨ ਸੂਰਮਾ, ਮੁਗਲਾਂ ਦੀ ਜੜ ਪਟਣੇ।
ਰਾਜ ਸਚ ਦਾ ਕਮਾਉਣਾ ਇਸ ਨੇ, ਨਿੰਦਕਾਂ ਨੂੰ ਪਿਠ ਦੇ ਕੇ।
ਮਾਰੂ (2) ਨੀ ਹਿੰਦ ਤੇਰੀ ਸ਼ਾਨ ਬਦਲੇ ਲਾਲ ਵਾਰੂ।

6. ਚੁਕ ਚੁਕ ਕੇ ਮੱਥੇ ਨੂੰ ਲਾਵਾਂ ਧੂੜ ਅਨੰਦ ਪੁਰ ਦੀ।
ਜਿਥੇ ਬੈਠ ਗਏ ਕਲਗੀਆਂ ਵਾਲੇ, ਧਰਤੀ ਨੂੰ ਰੂਪ ਚੜਿਆ।
ਪਿਆਰਿਆ (2) ਕਿ ਧਾਰ ਅਵਤਾਰ ਪਟਣੇ ਜਗ ਤਾਰਿ ਆ।

# ਚਮਕੌਰ ਦੀ ਗੜ੍ਹੀ

## ਕਲੀ

ਵਾਹ ਵਾਹ ਚਮਕਾਂ ਮਾਰੇ ਰਣ ਖ਼ੂਨੀ ਚਮਕੌਰ ਦਾ,
ਜਿਥੇ ਬਾਜਾਂ ਵਾਲੇ ਸ਼ਾਨ ਦਿਖਾਈ ਆਹਲੀ।
ਜੁੱਟੇ ਆਹਮੋ ਸਾਹਵੇਂ ਮੋਹਰੀ ਮਰਦ ਮੈਦਾਨਾਂ ਦੇ.
ਇਕ ਧਿਰ ਫੌਜਾਂ ਲਖਾਂ ਇਕ ਧਿਰ ਜਿੰਦਾਂ ਚਾਲੀ।
ਕਲਾ ਕਲਾ ਲੜਦਾ ਲਖਾਂ ਦੇ ਨਾਲ ਵੇਖ ਕੇ,
ਨੂਰੀ ਮੁਖੜੇ ਉਤੇ ਡਲਕਾਂ ਮਾਰੇ ਲਾਲੀ।
ਗਦ ਗਦ ਹੋਕੇ ਮੁਖੋਂ ਕਲਗੀਧਰ ਜੀ ਆਖਦੇ,
ਮੇਰੇ ਵੀਰ ਬਹਾਦਰਾਂ ਬੜੀ ਘਾਲਣਾ ਘਾਲੀ।
ਇਕ ਦਿਨ ਆਖਿਆ ਸੀ ਮੈਂ ਚਿੜੀਉਂ ਬਾਜ ਤੁੜਾਉਣੇ ਨੇ.
ਆਖੇ ਬੋਲ ਮਰਦ ਦੇ ਕਦੇ ਨਾ ਜਾਂਦੇ ਖਾਲੀ।
ਪਾਕੇ ਖ਼ੂਨ ਸ਼ਹੀਦੀ ਸਿੰਜ਼ ਗਏ ਧਰਤ ਪੰਜਾਬ ਦੀ.
ਚਮਕੇ ਨੂਰ ਇਹਨਾਂ ਦਾ ਹਰ ਪੱਤੇ ਹਰ ਡਾਲੀ।
ਇਹ ਉਹ ਬੂਟੇ ਨੇ ਜੋ ਹਸ਼ਰਾਂ ਤੀਕਰ ਮੌਲਣਗੇ,
ਕਰਦਾ ਪੰਥ ਖਾਲਸਾ ਇਹਨਾਂ ਦੀ ਰਖਵਾਲੀ।

# ਚਮਕੌਰ ਦੀ ਗੜ੍ਹੀ

## ਕਾਫ਼ੀ

ਗੁਰੂ ਗੜ੍ਹੀ ਚੋਂ ਵੇਖ ਰਹੇ ਨੇ, ਹਿੰਦ ਬਾਗ ਦੇ ਮਾਲੀ ਜੀ।
ਜਿਸ ਦੇ ਸੋਹਣੇ ਮੁਖੜੇ ਉਤੇ, ਡਲਕਾਂ ਮਾਰੇ ਲਾਲੀ ਜੀ।
ਪੜ੍ਹ ਸ਼ੁਕਰਾਨਾ ਏਦਾਂ ਬੋਲੇ, ਦੋ ਦੁਨੀਆਂ ਦੇ ਵਾਲੀ ਜੀ।
ਮੇਰੇ ਵੀਰ ਬਹਾਦਰ ਸ਼ੇਰਾਂ, ਬੜੀ ਘਾਲਣਾ ਘਾਲੀ ਜੀ।
ਹਾਰ ਚ ਗਏ ਪਰੋਏ ਮੋਤੀ, ਜਿਹਨਾਂ ਦੀ ਸ਼ਾਨ ਨਿਰਾਲੀ ਜੀ।
ਨੂਰ ਇਨ੍ਹਾਂ ਦਾ ਚਮਕਾਂ ਮਾਰੇ, ਹਰ ਪੱਤੇ ਹਰ ਡਾਲੀ ਜੀ।
ਇਕ ਹੰਸਾਂ ਦਾ ਜੋੜਾ ਉਡ ਗਿਆ, ਪਾਕੇ ਵਹਿਣ ਖਿਆਲੀ ਜੀ।
ਉਡ ਕੇ ਤੋਤੇ ਰਲ ਗਏ ਡਾਰੀਂ, ਪਿੰਜਰੇ ਰਹਿ ਗਏ ਖਾਲੀ ਜੀ।
ਜਾ ਤ੍ਰਿੰਝਣ ਵਿਚ ਮਿਲੀਆਂ ਸਹੀਆਂ, ਹੋਰ ਕਿਰਤ ਸਭਟਾਲੀ ਜੀ।
ਸ਼ਾਨ ਪੰਥ ਦੀ ਉੱਚੀ ਕਰ ਗਏ, ਅਜ ਸਿਰ-ਲੱਥੇ ਚਾਲੀ ਜੀ।
ਦਸ ਲਖ ਦੇ ਇਸ ਘੇਰੇ ਅੰਦਰ, ਬੁਕਣ ਸ਼ੇਰ ਬੰਗਾਲੀ ਜੀ।
ਫੜ ਕੇ ਕਾਸੇ ਬਣ ਕੇ ਜੋਗੀ, ਮੰਗਦੇ ਖੈਰ ਸਵਾਲੀ ਜੀ।

# ਸ਼ਹੀਦੀ ਛੋਟੇ ਸਾਹਿਬਜ਼ਾਦੇ

## ਗੀਤ

ਤਰਜ਼ :—ਸੋਹਣਾ ਦੇਸ਼ਾਂ ਵਿਚੋਂ.........

ਤਕੋ ਜਾਂਦੀ, ਸਈਓ, ਨੀ ਔਹ ਲਾਲਾਂ ਦੀ ਜੋੜੀ।
ਕਲ ਨੂੰ ਚੜ੍ਹਨਾ, ਸਈਉ, ਨੀ ਇਹਨਾਂ ਮੌਤ ਦੀ ਘੋੜੀ।

ਕਿਹਦੇ ਦਿਲ ਦੇ ਟੋਟੇ, ਨੀ ਇਹ ਕਿਸ ਅਮੜੀ ਦੇ ਜਾਏ।
ਤਕ ਇਹਨਾਂ ਦੇ ਸੋਹਣੇ ਮੁਖੜੇ, ਚੰਦ ਪਿਆ ਸ਼ਰਮਾਏ।

ਝੂਠੀ ਦੁਨੀਆਂ ਨਾਲੋਂ, ਮੋਹ ਅਜ ਜਾਂਦੇ ਨੀ ਤੋੜੀ।
ਕਲ ਨੂੰ ਚੜ੍ਹਨਾ ............

ਸੁਣਿਆ ਹੈ ਇਹ ਕਲਗੀਧਰ ਦੇ, ਸੋਹਲ ਫੁਲ ਗੁਲਾਬੀ।
ਖਿੜਨ ਤੋਂ ਪਹਿਲਾਂ ਤੋੜਨ ਲਗੇ, ਜ਼ਾਲਮ ਕਰਨ ਖਰਾਬੀ।

ਬੇੜੀ ਆਪਣੀ ਆਪੇ, ਪਾਪੀ ਜਾਂਦੇ ਨੇ ਬੋੜੀ।
ਕਲ ਨੂੰ ਚੜ੍ਹਨਾ ............

ਔਹ ਤਕੋ ਨੀ ਔਹ ਕੀ ਹੁੰਦਾ, ਕੀ ਕਰਦਾ ਹਤਿਆਰਾ।
ਕੰਧ ਉਸਾਰਨ ਲਗ ਪਿਆ, ਨੀ, ਇਹ ਲਾਕੇ ਇਟਾਂ ਗਾਰਾ।
ਵਿਰ ਖਲਿਆਰੀ ਸਈਉ ਨੀ, ਇਹ ਹੰਸਾਂ ਦੀ ਜੋੜੀ।
ਹੱਸ ਹੱਸ ਚੜ੍ਹ ਗਏ ਸਈਉ ਨੀ ਇਹ ਮੌਤ ਦੀ ਘੋੜੀ।

★—★—★

# ਗੁਰੂ ਕਲਗੀਧਰ ਦੀ ਕਥਾ 5.

## ਨਵੀਨ ਛੰਦ

1. ਆਉ ਕਥਾ ਸੁਣਾਵਾਂ, ਉਸ ਪੁਤਰਾਂ ਦੇ ਦਾਨੀ ਦੀ।
ਰੱਤ-ਰੰਗੀ ਤਸਵੀਰ ਦਿਖਾਵਾਂ, ਮਰਦ ਲਾਸਾਨੀ ਦੀ।
ਜੱਗ ਵਿਚ ਧੁਮਾਂ ਪਈਆਂ, ਰਣ ਦੇ ਸ਼ਾਹ ਅਸਵਾਰ ਦੀਆਂ।
ਅਜ ਤਕ ਲੋਕੀ ਸਿਫਤਾਂ ਕਰਦੇ ਕਲਗੀਧਾਰ ਦੀਆਂ।

2. ਥਾਂ ਥਾਂ ਹੁੰਦੇ ਜ਼ੁਲਮ ਵੇਖ ਕੇ, ਸਹਿ ਨਾ ਸਕਿਆ ਸੀ।
ਗੁਜਰੀ ਦਾ ਸਿਰ ਨੰਗਾ ਕਰ, ਭਾਰਤ ਦਾ ਢਕਿਆ ਸੀ।
ਨੀਹਾਂ ਕੀਤੀਆਂ ਖੋਖਲੀਆਂ ਜ਼ੁਲਮੀ ਸਰਕਾਰ ਦੀਆਂ।
ਤਾਹੀਉਂ ਲੋਕੀ ਸਿਫਤਾਂ ਕਰਦੇ, ਕਲਗੀਧਾਰ ਦੀਆਂ।

3. ਸਦੀਆਂ ਤੋਂ ਵਿਗੜੀ ਹੋਈ, ਤਕਦੀਰ ਸਵਾਰੀ ਸੀ।
ਕੇਸ-ਗੜੀ ਵਿਚ ਸਿਰ ਲੈ ਕੇ, ਦਿਤੀ ਸਰਦਾਰੀ ਸੀ।
ਸੁਣ ਨਗਾਰੇ ਹਿਕਾਂ ਧੜਕੀਆਂ ਬਾਈਧਾਰ ਦੀਆਂ।
ਅਜ ਤਕ ਲੋਕੀ ਸਿਫਤਾਂ ਕਰਦੇ ਬਾਈਧਾਰ ਦੀਆਂ।

4. ਭੁਲੇ ਹੋਏ ਮੁੜ ਯਾਦ ਕਰਾਏ, ਫਰਜ਼ ਜਵਾਨੀ ਦੇ।
ਖੂਨ ਡੋਲ ਕੇ ਧੋਤੇ, ਲਗੇ ਦਾਗ ਗੁਲਾਮੀ ਦੇ।
ਤਕਿਆ ਜਲਵਾ ਝੁਕ ਗਈਆਂ, ਅਖਾਂ ਸੰਸਾਰ ਦੀਆਂ।
ਤਾਹੀਉਂ ਲੋਕੀ ਸਿਫਤਾਂ ਕਰਦੇ, ਕਲਗੀਧਾਰ ਦੀਆਂ।

5\. ਪੰਥ ਦਾ ਮਹਿਲ ਬਣਾਵਣ ਲਈ,
ਚਿਣਵਾਇਆ ਪੁਤਰਾਂ ਨੂੰ।
ਦੇਸ਼ ਲਈ ਮਰ ਮਿਟ ਜਾਣ ਦਾ,
ਗੁਰ ਸਮਝਾਇਆ ਪੁਤਰਾਂ ਨੂੰ।
ਵਿਚ ਚਮਕੌਰ ਚੜ੍ਹਾਈਆਂ, ਜੰਜਾਂ ਅਜੀਤ ਜੁਝਾਰ ਦੀਆਂ।
ਤਾਹੀਉਂ ਲੋਕੀ ਸਿਫਤਾਂ ਕਰਦੇ, ਕਲਗੀਧਾਰ ਦੀਆਂ।

★—★—★

# ਦੂਤਾਰਾ

ਦੁਨੀਆਂ ਵਿਚ ਜੀਉਂਦੇ ਨੇ, ਯੋਧੇ ਭਗਤ, ਸੂਰਮੇ, ਦਾਨੀ।

ਲਾੜੇ ਕੁਰਬਾਨੀ ਦੇ, ਚੜ ਕੇ ਬੈਠੇ ਮੌਤ ਦੇ ਖਾਰੇ।
ਵਿਚ ਡੁਬ ਡੁਬ ਦੇਗਾਂ ਦੇ, ਮਾਨਣ ਰੱਬੀ ਪਰੇਮ ਨਜ਼ਾਰੇ।
ਸਿਰ ਆਰਾ ਚਲਦਾ ਏ, ਪੜਦਾ ਸਿਖ ਸਤਿਗੁਰ ਦੀ ਬਾਣੀ।

ਦੁਨੀਆਂ ਵਿਚ.........

ਖੰਭ ਲੂਹ ਲੂਹ ਸੜ ਜਾਂਦੇ, ਜਗਦੀ ਸ਼ਮਾਂ ਜਦੋਂ ਪਰਵਾਨੇ।
ਨੰਗੇ ਧੜ ਲੜਦੇ ਨੇ, ਕੀਤੇ ਕੌਲ ਨਿਭਾਉਂਦੇ ਦਾਨੇ।
ਸਿਰ ਵਾਰ ਦਿੰਦੇ ਆਪਣਾ, ਕਰਦੇ ਕੰਮ ਹੇਤ ਕੁਰਬਾਨੀ।

ਦੁਨੀਆਂ............

ਚੜ ਚੜ ਕੇ ਚਰਖੀਆਂ ਤੇ,
ਆਸ਼ਕ ਸੇਜ ਫੁਲਾਂ ਦੀ ਮਾਨਣ।
ਫਾਂਸੀ ਦੇ ਰਸਿਆਂ ਨੂੰ,
ਯੋਧੇ ਮਾਲਾ ਕਰਕੇ ਜਾਨਣ।
ਤਨ ਮਨ ਧਨ ਵਾਰ ਦਿੰਦੇ, ਬਾਂਕੇ ਵੀਰ ਸਿਰਾਂ ਦੇ ਦਾਨੀ।

ਦੁਨੀਆਂ............

ਵਧ ਵਧ ਕੇ ਲੜਦੇ ਨੇ, ਮਾਤਾ ਸਾਹਿਬ ਕੌਰ ਦੇ ਬੇਟੇ।
ਸਿਰ ਧਰਦੇ ਤਲੀਆਂ ਤੇ, ਕਲਗੀਧਰ ਜੀ ਦੇ ਰੰਘਰੇਟੇ।
ਤਕ ਚੜਤਾਂ ਏਸ ਦੀਆਂ, ਜਾਂਦੇ ਅਟਕ 'ਅਟਕ' ਦੇ ਪਾਣੀ।

ਦੁਨੀਆਂ............

ਰਣ ਸ਼ੇਰ ਸਦਾਉਂਦੇ ਨੇ,
ਜਗ ਤੇ ਵਿਰਲੇ ਜਣਦੀਆਂ ਮਾਵਾਂ।
ਸ਼ੇਰਾਂ ਤੇ ਬਾਜਾਂ ਦੀ
ਕੀਤੀ ਰੀਸ ਨਾ ਗਿਦੜਾਂ ਕਾਵਾਂ।
ਨਚਦੇ ਤਲਵਾਰਾਂ ਤੇ ਅਣਖੀ ਯੋਧੇ ਵੀਰ ਲਾਸਾਨੀ।
ਦੁਨੀਆਂ...........

ਉਹ ਅਸਲ ਜਵਾਣੀ ਏਂ,
ਜਿਹੜੀ ਦੇਸ਼ ਦੇ ਲੇਖੇ ਲਗਦੀ।
ਉਹ ਅਸਲੀ ਦਿਲ ਜਾਣੋ,
ਜਿਥੇ ਸ਼ਮਾਂ ਪਿਆਰ ਦੀ ਜਗਦੀ।
ਚਲ ਨੇਕੀ ਖਟ ਚਲੀਏ, ਦੋਸਤੋ ਇਹ ਜੱਗ ਦਿਸਦਾ ਫਾਨੀ।
ਦੁਨੀਆਂ...........

# ਮਰਦਾਂ ਦੀ ਕਥਾ

## ਨਵੀਨ ਛੰਦ

1. ਦੇਸ਼ ਦੇ ਬਦਲੇ ਦੁਖੜੇ ਜਰਨਾ,
ਹੈ ਕੰਮ ਮਰਦਾਂ ਦਾ।
ਹੱਕ ਲਈ ਲੜਦੇ ਰਹਿਣਾ.
ਜਦ ਤਕ .ਹੈ ਦਮ ਮਰਦਾ ਦਾ।
ਲਖ ਮੁਸੀਬਤ ਆਵੇ ਭਾਵੇਂ, ਹੱਸ ਹੱਸ ਜਰਦੇ ਨੇ।
ਮਰਕੇ ਭੀ ਨਹੀਂ ਮਰਦੇ, ਜਿਹੜੇ ਦੇਸ਼ ਲਈ ਮਰਦੇ ਨੇ।

2. ਤਤੀਆ ਤਵੀਆਂ ਉਤੇ ਬਹਿਕੇ,
ਚੰਨ ਮਾਂ ਭਾਨੀ ਦਾ।
ਦੁਨੀਆਂ ਤਾਈਂ ਦਸ ਗਿਆ ਏ,
ਨਵਾਂ ਢੰਗ ਕੁਰਬਾਨੀ ਦਾ।
ਤੱਤੀ ਰੇਤ ਦੇ ਕਿਣਕੇ, ਝੁਕ ਝੁਕ ਸਜਦੇ ਕਰਦੇ ਨੇ।
ਮਰਕੇ ਭੀ ਨਹੀਂ ਮਰਦੇ, ਜਿਹੜੇ ਅਣਖ ਲਈ ਮਰਦੇ ਨੇ।

3. ਐਹ ਚੌਂਕ ਚਾਂਦਨੀ ਅੰਦਰ,
ਕੀ ਅਸਚਰਜ ਨਜ਼ਾਰੇ ਨੇ।
ਸਤਿਗੁਰ ਤੇਗ ਬਹਾਦਰ,
ਚੜ ਕੇ ਬੈਠੇ ਖਾਰੇ ਨੇ।
ਹਸਦਾ ਏ ਮਕਤੂਲ ਤੇ ਕਾਤਲ ਥਰ ਥਰ ਕਰਦੇ ਨੇ।
ਮਰਕੇ ਭੀ ਨਹੀਂ ਮਰਦੇ, ਜੋ ਦੁਖੀਆਂ ਲਈ ਮਰਦੇ ਨੇ।

4. ਦਸਾਂ ਕੀ ਕੀ ਸਿਫਤਾਂ, ਮੈਂ ਗੁਜਰੀ ਦੇ ਨੰਦ ਦੀਆਂ।
ਬੋਲ ਬੋਲ ਕੇ ਦਸਦੀਆਂ ਨੇ, ਕੰਧਾਂ ਸਰਹੰਦ ਦੀਆਂ।
ਸੁਣ ਕੇ ਦਰਦ ਕਹਾਣੀ ਪੰਛੀ ਹਉਕੇ ਭਰਦੇ ਨੇ।
ਮਰਕੇ ਭੀ ਨਹੀਂ ਮਰਦੇ, ਜਿਹੜੇ ਧਰਮ ਲਈ ਮਰਦੇ ਨੇ।

5. ਨੇਕੀ ਧਰਮ ਸਚਾਈ ਲਈ, ਜੋ ਜਿੰਦੜੀ ਵਾਰ ਗਏ।
ਆਪੂੰ ਭਾਵੇਂ ਡੁਬ ਗਏ, ਐਪਰ ਡੁਬਦੇ ਤਾਰ ਗਏ।
ਸੱਚੇ ਇਹ ਵਣਜਾਰੇ, ਸੌਦੇ ਸਿਰ ਦੇ ਕਰਦੇ ਨੇ।
ਮਰਕੇ ਭੀ ਨਹੀਂ ਮਰਦੇ, ਜਿਹੜੇ ਦੇਸ਼ ਲਈ ਮਰਦੇ ਨੇ।

★—★—★

# ਸ਼ਹੀਦਾਂ ਨੂੰ ਸ਼ਰਧਾਂਜਲੀ

## ਗੀਤ

[ਤਰਜ਼ :—ਚਕ ਲਿਆ ਮੋਰ ਬਣਕੇ.........]

ਹਾਰ ਗੁੰਦ ਕੇ ਫੂਲਾਂ ਦੇ ਪਾਈਏ,
ਦੇਸ਼ ਦੇ ਸ਼ਹੀਦਾਂ ਨੂੰ।
ਆਸ਼ਕ ਆਜ਼ਾਦੀ ਹੀਰ ਦੇ,
ਹੱਸ ਹੱਸ ਕਰ ਗਏ ਕੁਰਬਾਨੀ।
ਆਨ ਸ਼ਾਨ ਰਖੀ ਦੇਸ਼ ਦੀ,
ਵਾਰ ਫੂਲਾਂ ਨਾਲੋਂ ਸੋਹਲ ਜਵਾਨੀ।

ਡੁਲਾ ਜਿਥੇ ਖੂਨ ਇਹਨਾਂ ਦਾ,
ਬੂਟਾ ਉਸ ਥਾਂ ਚੰਦਨ ਦਾ ਲਾਈਏ।
ਦੇਸ਼ ਦੇ ਸ਼ਹੀਦਾਂ ਨੂੰ...........

ਪੈਂਦੀਆਂ ਜਾਂ ਭੀੜਾਂ ਦੇਸ਼ ਤੇ,
ਉਦੋਂ ਨਿਤਰੇ ਕੋਈ ਵਿਰਲਾ ਸੂਰਾ।
ਫਾਂਸੀਆਂ ਨੂੰ ਚੁੰਮੇ ਹਸਕੇ,
ਜਿਹੜਾ ਹੋਵੇ ਸਿਦਕ ਵਿਚ ਪੂਰਾ।
ਪੂਜਾ ਕਰੇ ਜਗ ਉਨ੍ਹਾਂ ਦੀ,
ਜਿਨਾਂ ਰਖੇ ਨੇ ਸਿਰਾਂ ਦੇ ਦਾਈਏ।
ਦੇਸ਼..............

ਜਗਦੀ ਹੋਈ ਸ਼ਮਾਂ ਦੇਖ ਕੇ,
ਹੱਸ ਹੱਸ ਕੇ ਸੜਨ ਪਰਵਾਨੇ।
ਪਹੁੰਚਦੇ ਨੇ ਯਾਰ ਦੀ ਗਲੀ,
ਹਥੀਂ ਲੈ ਕੇ ਸਿਰਾਂ ਦੇ ਨਜ਼ਰਾਨੇ।
ਖੱਪਰ ਬਣਾ ਕੇ ਸਿਰ ਦਾ,
ਕਹਿੰਦੇ ਯਾਰ ਦੇ ਬੁਲਾਂ ਨੂੰ ਲਾਈਏ।
ਦੇਸ਼............

ਪੁਛੋ ਜਾਕੇ ਉਹਨਾਂ ਮਾਵਾਂ ਨੂੰ,
ਚੰਦ ਛੁਪ ਗਏ ਜਿਹਨਾਂ ਦੇ ਅਸਮਾਨੀ।
ਮੁੜਕੇ ਨਾ ਆਏ ਨਜ਼ਰੀਂ,
ਪਿਛੇ ਛਡ ਗਏ ਨਾ ਕੋਈ ਭੀ ਨਿਸ਼ਾਨੀ।
ਚੜ ਗਏ ਜੋ ਘੋੜੀ ਮੌਤ ਦੀ,
ਆਉ ਘੋੜੀਆਂ ਉਹਨਾਂ ਦੀਆਂ ਗਾਈਏ।
ਦੇਸ਼............

# ਸ਼ਹੀਦਾਂ ਦੀ ਘੋੜੀ

ਗੀਤ [ਤਰਜ਼—ਅਫਸਾਨਾ ਲਿਖ ਰਹੀ ਹੂੰ.........]

ਆਵੋ ਨੀ ਘੋੜੀ ਗਾਈਏ, ਬਲਵੀਰ ਸ਼ਹੀਦਾਂ ਦੀ।
ਅਜ ਅਖੀਆਂ ਦੇ ਵਿਚ ਆਈ, ਤਸਵੀਰ ਸ਼ਹੀਦਾਂ ਦੀ।

ਚੁਣ ਚੁਣ ਕੇ ਸੁੰਦਰ ਕਲੀਆਂ, ਇਕ ਹਾਰ ਬਣਾ ਲਈਏ।
ਸ਼ਗਨਾ ਦੇ ਸਿਹਰੇ ਬੰਨ ਕੇ ਜਾਂਞੀ ਸਜਾ ਦਈਏ।
ਚਾਵਾਂ ਨਾਲ ਵਿਦਿਆ ਕਰੀਏ, ਜੰਞ ਵੀਰ ਸ਼ਹੀਦਾਂ ਦੀ।
ਅਜ ਅਖੀਆਂ............

ਪਰਦੇਸ ਸਿਧਾਰ ਗਏ, ਜੋ ਵੀਰੇ ਭੈਣਾਂ ਦੇ।
ਮੁੜਕੇ ਨਾ ਨਜ਼ਰੀ ਆਏ, ਇਹ ਹੀਰੇ ਭੈਣਾ ਦੇ।
ਮਾਂ ਖੜੀ ਉਡੀਕੇ ਡੋਲੀ, ਰਣਵੀਰ ਸ਼ਹੀਦਾਂ ਦੀ।
ਅਜ ਅਖੀਆਂ............

ਜੋ ਸੌਦੇ ਕਰਦੇ ਸਿਰ ਦੇ, ਇਹ ਉਹ ਵਣਜਾਰੇ ਨੇ।
ਜੋ ਮੌਤ ਚੋਂ ਜਿੰਦਗੀ ਲਭਦੇ, ਇਹ ਉਹ ਅਣਖੀ ਸਤਾਰੇ ਨੇ।
ਫੜ ਜ਼ੁਲਮ ਦਾ ਕੰਘਾ ਕਰ ਗਈ, ਸ਼ਮਸ਼ੀਰ ਸ਼ਹੀਦਾ ਦੀ।
ਅਜ ਅਖੀਆਂ............

## ਗੀਤ

ਤਰਜ਼—ਚਕ ਲਿਆ ਮੋਰ ਬਣਕੇ.........

ਸਿਰ ਧਰ ਕੇ ਤਲੀ ਉਤੇ ਜਾਈਏ,
ਪਹੁੰਚਣਾ ਜੇ ਯਾਰ ਦੀ ਗਲੀ।
ਗਲ ਕਫਣੀ ਸਿਦਕ ਦੀ ਪਾਈਏ,
ਲੰਘਣਾ ਜੇ ਪਿਆਰ ਦੀ ਗਲੀ।
ਬੜਾ ਔਖਾ ਪੈਂਡਾ ਪਰੇਮ ਦਾ,
ਪੈਰ ਪੈਰ ਤੇ ਥਿੜਕਣਾ ਪੈਂਦਾ।
ਚਤਰਾਈ ਨਹੀਂ ਚਲਦੀ,
ਉਥੇ ਮੁਲ ਹੈ ਸਿਦਕ ਦਾ ਪੈਂਦਾ।
ਖਰੇ ਥੋਟੇ ਜਾਣ ਪਰਖੇ,
ਖੋਟੇ ਮਨ ਦੀ ਸਭ ਮੈਲ ਗਵਾਈਏ।

ਲੰਘਣਾ ਜੇ...........

ਸਿਰ ਦੇਣਾ ਮੰਨ ਕੇ ਤੇ,
ਇਤ ਮਾਰਗ ਪੈਰ ਧਰੀਜੈ।
ਮਿਲੇ ਜੇ ਅਮਰ ਪਦਵੀ,
'ਸਿਰ ਦੀਜੈ ਕਾਣ ਠਾ ਕੀਜੈ।'

ਮਾਣ ਤਾਣ ਸਭ ਤਜੀਏ,
ਨੀਵੇਂ ਹੋਕੇ ਉੱਚਾ ਦਰ ਪਾਈਏ।

ਲੰਘਣਾ ਜੇ...........

ਜਬਰ ਦਾ ਮਾਣ ਟੁਟ ਜਾਏ,
ਜਿਤ ਸਦਾ ਈ ਸਬਰ ਦੀ ਹੋਵੇ।
ਸੂਲੀਆਂ ਦੀ ਸੇਜ ਬਣ ਜਾਏ,
ਜਦ ਮਿਹਰ ਪ੍ਰਭੂ ਦੀ ਹੋਵੇ।
ਤਵੀਆਂ ਦਾ ਤਖਤ ਬਣੇ
ਤੱਤੀ ਰੇਤ ਦਾ ਖੌਂਫ ਨਾ ਖਾਈਏ।

ਲੰਘਣਾ...........

ਗੀਤ [ਤਰਜ਼—ਟੁੱਟੇ ਦਿਲ ਨਹੀਂ ਜੁੜਦੇ........]

ਜਨਮ ਅਮੋਲਕ ਹੀਰਾ, ਐਵੇਂ ਰੋਲੀਂ ਨਾ।
ਕੌਡੀ ਦੇ ਤੁਲ ਹੀਰਾ, ਭੁਲ ਕੇ ਤੋਲੀਂ ਨਾ।

ਜਗਤ ਮੁਸਾਫਰ-ਖਾਨਾ, ਏਥੋਂ ਚਲਣਾ ਏਂ।
ਆਖਰ ਗੋਰ ਟਿਕਾਣਾ, ਇਕ ਦਿਨ ਮੱਲਣਾ ਏਂ।
ਤਨ-ਮਨ ਫਿੱਕਾ ਹੋ ਜਾਊ, ਫਿੱਕਾ ਬੋਲੀ ਨਾ।
ਜਨਮ...........

ਮਾਇਆ ਕਾਗ ਕ਼ਨੇਰੇ ਦਾ, ਮਾਣ ਕਰੀਏ ਨਾ।
ਸੱਚ ਦੇ ਰਾਹ ਤੇ ਚਲ਼ਦੇ ਹੋਏ, ਕਦੇ ਡਰੀਏ ਨਾ।
ਚੜ੍ਹਕੇ ਪਰੇਮ ਦੀ ਬੇੜੀ ਥਿੜਕੀਂ ਡੋਲੀਂ ਨਾ।
ਜਨਮ...........

ਕੀ ਭਰਵਾਸਾ ਜਿੰਦ ਦਾ, ਬੁਲਬੁਲਾ ਪਾਣੀ ਦਾ।
ਕਾਹਤੋਂ ਕਰਦਾਂ, ਮਾਣ, ਜਵਾਨੀ ਜਾਣੀ ਦਾ।
ਨਾਮ ਪਦਾਰਥ ਪਾਕੇ ਗੰਢ ਨੂੰ ਖੋਲੀਂ ਨਾ।
ਜਨਮ...........

ਨੇਕੀ ਧਰਮ ਸਚਾਈ ਤੋਂ, ਮੁਖ ਮੋੜੀਂ ਨਾ।
ਰੱਬ ਦੇ ਰਸਤੇ ਜਾਣੋਂ, ਦਿਲ ਨੂੰ ਹੋੜੀਂ ਨਾ।
ਜਨਮ...........

# ਦੇਸ਼ ਦੀਆਂ ਢਕਾਂ ਛਡਾਉਣੀਆਂ

ਜਦੋਂ ਅਹਿਮਦ ਸ਼ਾਹ ਅਬਦਾਲੀ ਆਪਣੇ ਪੰਜਵੇਂ ਹਮਲੇ ਸਮੇਂ ਬਾਈ ਹਜ਼ਾਰ ਨੌਜਵਾਨ ਸੁੰਦਰੀਆਂ ਬੰਨ ਕੇ ਲਈ ਜਾ ਰਿਹਾ ਸੀ, ਤਾਂ ਇਹ ਦਰਦਨਾਕ ਖਬਰ ਪੰਥ ਦੇ ਕੰਨੀ ਪਈ। ਗੁਰੂ ਕਲਗੀਧਰ ਦੇ ਸਿੰਘ ਸੂਰਮਿਆਂ ਨੇ ਪੰਥ ਦੇ ਜਥੇਦਾਰ ਸਿੰਘ ਸਾਹਿਬ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਹੇਠ ਇਹਨਾਂ ਦੇਵੀਆਂ ਨੂੰ ਛੁਡਾਉਣ ਦੀ ਵਿਉਂਤ ਬਣਾਈ। ਖਾਲਸੇ ਦੀ ਇਹ ਕੁਰਬਾਨੀ ਰਹਿੰਦੀ ਦੁਨੀਆਂ ਤਕ ਜਿੰਦਾ ਰਹੇਗੀ ਅਤੇ ਸ. ਜੱਸਾ ਸਿੰਘ ਆਹਲੂਵਾਲੀਏ ਨੂੰ ਬੰਦੀ ਛੋੜ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਰਹੇਗਾ। ਇਹ ਸਾਰਾ ਹਾਲ ਹੇਠ ਲਿਖੀਆਂ ਸਤਰਾਂ ਵਿਚੋਂ ਪੜ੍ਹੋ।

## ‘ਨਵੀਨ ਛੰਦ’

ਬਹਿ ਕੇ ਮਤਾ ਪਕਾਉਂਦੇ ਸੂਰੇ ਦਾਨੀ ਜਾਨਾ ਦੇ।
ਰਲ ਕੇ ਵਿਉਂਤ ਬਣਾਉਂਦੇ. ਮੋਹਰੀ ਮਰਦ ਮੈਦਾਨਾਂ ਦੇ।

ਰਣ ਵਿਚ ਖੰਡਾ ਵਾਹੀਏ, ਕਰ ਮਰਦਾਂ ਦੀਆਂ ਕਾਰਾਂ ਨੂੰ।
ਚਲੋ ਛੁਡਾਈਏ ਜਾ ਕੇ, ਵਿਲਕਦੀਆਂ ਮੁਟਿਆਰਾਂ ਨੂੰ।

ਡੂੰਡ ਕਾਬਲੀ ਬਹਿ ਗਏ ਆ ਖਿੜੀਆਂ ਗੁਲਜ਼ਾਰਾਂ ਤੇ।
ਟੁੱਟ ਪਏ ਜ਼ਾਲਮ ਬਾਘੜ ਆ ਮੂਨਾਂ ਦੀਆਂ ਡਾਰਾਂ ਤੇ।
ਕਢਣਾ ਏ ਅਜ ਦੇਸ਼ ਚੋਂ ਇਹਨਾਂ ਦੁਸ਼ਟ ਮਕਾਰਾਂ ਨੂੰ।
ਚਲੋ ਛੁਡਾਈਏ...............

ਨੇਤਰ ਹੋਏ ਲਾਲ ਤੇ ਖੌਲੀ ਆ ਰੱਤ ਗਾਰਤ ਦੀ।
ਕਹਿੰਦੇ ਪੱਤ ਬਚਾਉਣੀ ਏਂ, ਅਜ ਸੋਹਣੇ ਭਾਰਤ ਦੀ।
ਵੈਰੀ ਦੇ ਲਹੂ ਧੋਣਾ ਜੰਗ ਲਗੀਆਂ ਤਲਵਾਰਾਂ ਨੂੰ।
ਚਲੋ ਛੁਡਾਈਏ...............

ਕੁੰਡਲਦਾਰ ਮੁਛਹਿਰੇ ਬਣ ਗਏ ਨਾਗ ਜ਼ਹਿਰੀਲੇ ਨੇ।
ਵੈਰੀ ਨੂੰ ਡੰਗ ਮਾਰਨ ਦੇ ਅਜ ਬਣ ਵਸੀਲੇ ਨੇ।
ਨੇਕੀ ਦਾ ਕੰਮ ਕਰਨ ਦਾ ਚਾਅ ਚੜਿਆ ਸਰਦਾਰਾਂ ਨੂੰ।
ਚਲੋ ਛੁਡਾਈਏ...............

ਖਿੱਚੀ ਜਦੋਂ ਲਕੀਰ ਜੱਸਾ ਸਿੰਘ ਯੋਧੇ ਦਾਨੇ ਨੇ।
ਛਾਲਾਂ ਮਾਰ ਕੇ ਟੱਪ ਗਏ, ਸਭ ਕੌਮੀ ਪਰਵਾਨੇ ਨੇ।
ਜੁੱਗ ਜੁੱਗ ਢਾਡੀ ਗਾਉਂਦੇ ਨੇ ਮਰਦਾਂ ਦੀਆਂ ਵਾਰਾਂ ਨੂੰ।
ਚਲੋ ਛੁਡਾਈਏ ਜਾ ਕੇ ਵਿਲਕਦੀਆਂ ਮੁਟਿਆਰਾਂ ਨੂੰ।

*—*—*

# ਸ਼ੇਰਿ ਪੰਜਾਬ ਨੂੰ ਸ਼ਰਧਾਂਜਲੀ

ਗੀਤ [ਤਰਜ਼—ਚਕ ਲਿਆ ਮੋਰ ਬਣਕੇ............]

ਸ਼ੇਰਾ ਵੇ ਪੰਜਾਬ ਦਿਆ ਤੈਨੂੰ ਹੰਝੂਆਂ ਦੀ ਭੇਟ ਚੜ੍ਹਾਵਾਂ ।

1. ਤਾਜ ਤੇ ਤਖਤ ਵਾਲਿਆ, ਖਾਲੀ ਤਖਤ ਉਡੀਕੇ ਤੇਰਾ ।
ਤੇਰੇ ਪਿਛੋਂ ਵੈਰੀਆਂ ਨੇ, ਪਾ ਪਾ ਵੰਡੀਆਂ ਵੰਡਿਆਂ ਘਰ ਤੇਰਾ ।
ਆਪੋ ਵਿਚ ਤੇਗਾਂ ਚਲੀਆਂ, ਫੁੱਟ ਚੰਦਰੀ ਦਾ ਪਿਆ ਪ੍ਰਛਾਵਾਂ ।

ਸ਼ੇਰਾ ਵੇ ਪੰਜਾਬ ਦਿਆ.........

2. ਪੁਤ ਤੋਂ ਵਿਛੋੜਾ ਪੈ ਗਿਆ, ਜਿੰਦ ਜਿੰਦਾਂ ਦੀ ਕੀਰਨੇ ਪਾਵੇ ।
ਜੰਗਲਾਂ ਚ ਫਿਰੇ ਰੁਲਦੀ, ਕਿਤੇ ਰਸਤਾ ਨਜ਼ਰ ਨਾ ਆਵੇ ।
ਬੀਤ ਗਈ ਦਾ ਖਿਆਲ ਕਰਕੇ,
ਦਿਲ ਭਰਦਾ ਏ ਠੰਢੀਆਂ ਹਾਵਾਂ ।

ਸ਼ੇਰਾ ਵੇ ਪੰਜਾਬ ਦਿਆ...............

3. ਸੱਧਰਾਂ ਦਲੀਪ ਦੀਆਂ ਤੇਰੀ ਬਲਦੀ ਚਿਖਾ ਵਿਚ ਸੜੀਆਂ ।
ਪੀਣ ਰੱਤ ਤੇਰੇ ਲਾਲ ਦੀ, ਵਿਹੜੇ ਆ ਕਲਜੋਗਣਾਂ ਵੜੀਆਂ ।
ਕੋਇਲਾਂ ਦੇ ਗੀਤ ਮੁਕ ਗਏ, ਕਾਂ ਕਾਂ ਕਰੀ ਆ ਕਾਲ ਦੇ ਕਾਵਾਂ ।

ਸ਼ੇਰਾ ਵੇ ਪੰਜਾਬ ਦਿਆਂ...............

# ਜੰਞ ਦੇ ਢੁਕਾਉ ਵੇਲੇ ਦਾ ਗੀਤ

ਤਰਜ਼—[ਚਕ ਲਿਆ ਮੋਰ ਬਣ ਕੇ............]

ਮਿਹਰ ਹੋਈ ਸਤਿਗੁਰ ਦੀ, ਅਜ ਹਮ ਘਰ ਸਾਜਨ ਆਏ।

1. ਆਸਾਂ ਅਜ ਹੋਈਆਂ ਪੂਰੀਆਂ,
ਆਇਆ ਸ਼ੁਭ ਦਿਨ ਕਰਮਾਂ ਵਾਲਾ।
ਸਜਣਾ ਦੇ ਮੇਲ ਹੋਏ,
ਪਿਆ ਲਾੜੇ ਨਾਲ ਸਜੇ ਸਰਬਾਲਾ।
ਸ਼ੁਕਰ ਜ ਸਾਡੇ ਵਿਹੜੇ ਆ,
ਅਜ ਚਰਨ ਮੁਬਾਰਕ ਪਾਏ।
ਮਿਹਰ ਹੋਈ ਸਤਿਗੁਰ ਦੀ...........

2. ਚਿਰਾਂ ਦੇ ਵਿਛੁੜਿਆਂ ਦੇ,
ਅਜ ਹੋਏ ਨੇ ਸੱਬਬ ਨਾਲ ਮੇਲੇ।
ਪਰੇਮ ਰਸ-ਮਈ ਘੜੀਆਂ,
ਲਾਈ ਸ਼ਹਿਬਰ ਅਮ੍ਰਿਤ ਵੇਲੇ।
ਸਿਹਰੇ ਵਾਲਾ ਤਕ ਮੁਖੜਾ,
ਅਜ ਚੰਦ ਭੀ ਪਿਆ ਸ਼ਰਮਾਏ।
ਮਿਹਰ ਹੋਈ............

3. ਲੈ ਕੇ ਜੰਞ ਸਜਣਾਂ ਦੀ,
ਅਜ ਗੁਰਮੁਖ ਵਿਆਹੁਣ ਆਇਆ।
ਸਾਂਭੀਆਂ ਨਾ ਜਾਣ ਖੁਸ਼ੀਆਂ,
ਅਜ ਹਰ ਚਿਹਰਾ ਨਸ਼ਿਆਇਆ।
ਜੁੱਗ ਜੁੱਗ ਜੀਣ ਜੋੜੀਆਂ, ਸੱਚਾ ਸਤਿਗੁਰ ਜੋੜ ਬਣਾਏ।
ਮਿਹਰ ਹੋਈ...........

# ਅਨੰਦ ਕਾਰਜ ਸਮੇਂ ਪੱਲਾ ਫੜਾਉਣ ਸਮੇਂ ਦਾ ਗੀਤ

ਝੋਕ ਛੰਦ

1. ਸੁਣਨਾ ਜੀ ਸਾਜਨ ਮੇਰੇ, ਫੜਿਆ ਲੜ ਤੇਰਾ ਮੈਂ।
ਛਡੇ ਸਭ ਸਾਕ ਆਪਣੇ, ਕਰਕੇ ਅਜ ਜੇਰਾ ਮੈਂ।
ਤੇਰੇ ਮਨ-ਮੰਦਰ ਅੰਦਰ, ਕੀਤਾ ਬਸੇਰਾ ਮੈਂ।
ਸੀਨੇ ਵਿਚ ਰਖਾਂ ਸਾਂਭ ਕੇ, ਤੇਰਾ ਇਹ ਪਿਆਰ ਮੈਂ।
ਸਤਿਗੁਰ ਦੇ ਚਰਨੀ ਬਹਿਕੇ, ਕੀਤਾ ਇਕਰਾਰ ਮੈਂ।

2. ਸਾਜਨ ਜੀ ਭੁਲ ਨਹੀਂ ਜਾਣਾ, ਕੀਤੇ ਇਕਰਾਰਾਂ ਨੂੰ।
ਆਪਸ ਵਿਚ ਜੋੜੀ ਰਖਣਾ, ਪ੍ਰੇਮ ਦੀਆਂ ਤਾਰਾਂ ਨੂੰ।
ਪਤਝੜ ਦੀ ਸਾਰ ਕੀ ਹੁੰਦੀ, ਖਿੜੀਆਂ ਬਹਾਰਾਂ ਨੂੰ।
ਗ੍ਰਿਸਥ ਦਾ ਬਾਗ ਸੁਹਾਵਾ ਕਰਨਾ ਸਰਸ਼ਾਰ ਮੈਂ।
ਸਤਿਗੁਰ............

3. ਸੋਹਣਾ ਤੂੰ ਫੁਲ ਗੁਲਾਬੀ; ਤੇਰੀ ਖਸ਼ਬੋਈ ਮੈਂ।
ਤੇਰੇ ਗਲ ਪਾਉਣ ਵਾਸਤੇ; ਮਾਲਾ ਪਰੋਈ ਮੈਂ।
ਆਪਣੀ ਹੀ ਮਹਿਕ ਅੰਦਰ; ਖੀਵੀ ਅਜ ਹੋਈ ਮੈਂ।
ਤੇਰਾ ਵਿਛੋੜਾ ਨਾ ਹੁਣ ਸਕਦੀ ਸਹਾਰ ਮੈਂ।
ਸਤਿਗੁਰ............

4. ਦੁਨੀਆਂ ਵਿਚ ਜੀਵਨ ਕਾਹਦਾ; ਚੰਗੇ ਦਿਲਦਾਰ ਬਿਨਾ ।
ਪੁਛਦਾ ਨਹੀਂ ਹਾਲ ਕੋਈ; ਆਪਣੇ ਗਮਖਾਰ ਬਿਨਾ ।

ਖਿਲਦੀ ਨਹੀਂ ਕਲੀ ਮਨ ਦੀ; ਮਾਲੀ ਦੇ ਪਿਆਰ ਬਿਨਾ ।
ਮਾਲਾ ਦਾ ਮੋਤੀ ਬਣ ਕੇ; ਮਾਰਾਂ ਚਮਕਾਰ ਮੈਂ ।

ਸਤਿਗੁਰ............

5. ਜਨਮਾਂ ਤੋਂ ਰੂਹ ਇਹ ਤੇਰੇ; ਦੀਦ ਦੀ ਪਿਆਸੀ ਏ ।
ਸੁਕੇ ਹੋਏ ਬੁਲਾਂ ਉਤੇ; ਆਈ ਅਜ ਹਾਸੀ ਏ ।

ਜੀਵਨ ਨੂੰ ਮਿਲਿਆ ਖੇੜਾ; ਮੁੱਕੀ ਉਦਾਸੀ ਏ ।
ਮਿਲਿਆ ਪਿਰ ਆਪਣਾ; ਪਾਈ; ਧਨ ਪਿਰ ਦੀ ਸਾਰ ਮੈਂ ।

ਸਤਿਗੁਰ............

*—*—*

# ਸਹੁਰੇ ਘਰ ਤੁਰਨ ਸਮੇਂ ਧੀ ਦੀਆਂ ਆਪਣੀਆਂ ਮਾਂ ਨਾਲ ਗੱਲਾਂ

ਤਰਜ਼—ਜਗਤੇ ਨੂੰ ਛਡ ਕੇ ਭਗਤੇ ਨੂੰ ਕਰ ਲੈ.........

ਧੀ—ਮੇਰੀਏ ਨੀ ਮਾਏ ਮੇਰੇ ਦਿਲਾਂ ਦੀਏ ਮਹਿਰਮੇ ਨੀ।
ਅਖਾਂ ਵਿਚੋਂ ਹੰਝੂ ਨਾ ਵਗਾ।
ਨੀ ਅੰਮਈਂ ਹੱਸ ਹੱਸ ਸ਼ਗਨ ਮਨਾ।

ਮਾਂ—ਮੇਰੀਏ ਨੀ ਧੀਏ ਸੋਹਣੀ ਸੁਘੜ ਸਿਆਣੀਏ ਨੀ।
ਹੱਸ ਕੇ ਤੇ ਸੌਹਰੇ ਘਰ ਜਾ।
ਨੀ ਬੱਚੀਏ ਦੁਨੀਆਂ ਨਵੀਂ ਵਸਾ।

ਧੀ—ਮੇਰੀਏ ਨੀ ਮਾਏ ਕਰ ਐਡੀਆਂ ਨਾਂ ਕਾਹਲੀਆਂ ਤੂੰ।
ਇਕ ਘੜੀ ਡੋਲੀ ਅਟਕਾ।
ਨੀ ਅੰਮਈਂ ਇਕ ਘੜੀ ਡੋਲੀ ਅਟਕਾ।

ਮਾਂ—ਧਨ ਹੈ ਬਿਗਾਨਾ ਧੀਆਂ ਰਖਿਆ ਨਹੀਂ ਜਾਂਦਾ ਮੇਥੋਂ।
ਐਵੇਂ ਪਈ ਚਿਤ ਨਾ ਡੁਲਾ।
ਨੀ ਬਚੀਏ ਐਵੇਂ ਪਈ ਚਿਤ ਨਾ ਡੁਲਾ।

ਧੀ—ਭੁਲਣੀ ਨਹੀਂ ਬਾਬਲੇ ਦੇ ਵਿਹੜੇ ਦੀ ਇਹ ਮਾਣੀ ਹੋਈ।
ਠੰਢੀ ਠੰਢੀ ਮਿੱਠੀ ਮਿੱਠੀ ਛਾਂ।
ਨੀ ਅਮੀਏਂ ਠੰਢੀ-2 ਮਿੱਠੀ ਛਾਂ।

ਮਾਂ—ਬਾਬਲੇ ਤੇ ਵੀਰਾਂ ਦਾ ਇਹ ਨਿਘਾ ਨਿਘਾ ਪਿਆਰ ਧੀਏ ।
ਸੀਨੇ ਵਿਚ ਰਖੀਂ ਤੂੰ ਛੁਪਾ ।

ਨੀ ਬਚੀਏ ਸੀਨੇ ਵਿਚ ਰਖੀਂ ਤੂੰ ਛੁਪਾ ।

ਧੀ—ਜੁੱਗ ਜੁੱਗ ਜੀਵੇ ਵਿਹੜਾ ਬਾਬਲੇ ਦਾ ਅੰਮੀਏ ਨੀ ।
ਆਉਂਦੀ ਰਹੇ ਠੰਢੀ ਠੰਢੀ ਵਾ ।

ਨੀ ਅੰਮੀਏਂ ਆਉਂਦੀ ਰਹੇ ਠੰਢੀ ਠੰਢੀ ਵਾ ।

ਮਾਂ—ਜੁੱਗ ਜੁੱਗ ਜੀਵੇ ਧੀਏ ਸਿਰ ਦਾ ਸੁਹਾਗ ਤੇਰਾ ।
ਰੱਜ ਰੱਜ ਗ੍ਰਿਹਸਥ ਹੰਢਾ ।

ਨੀ ਬਚੀਏ ਰੱਜ ਰੱਜ ਗ੍ਰਿਹਸਤ ਹੰਢਾ ।

★—★—★

# ਸਹੁਰੇ ਘਰ ਤੁਰਨ ਸਮੇਂ ਧੀ ਦੇ ਜਜ਼ਬਾਤ

ਗੀਤ ਤਰਜ਼—

ਧੀਆਂ ਨੇ ਟੁਰ ਜਾਣਾ; ਤੇਰਾ ਛਡਕੇ ਸੁਨਾ ਘਰ ਬਾਰ ।
ਭੈਣਾ ਨੇ ਟੁਰ ਜਾਣਾ; ਛਡ ਛਿੰਦੇ ਵੀਰਾਂ ਦਾ ਪਿਆਰ ।

1. ਜੁੱਗ ਜੁੱਗ ਜੀਵੇ ਮੇਰਾ ਬਾਬਲ ਰਾਜਾ;
ਤੂੰ ਕਿਉਂ ਦੇਵੇਂ ਤੜੀਆਂ ।
ਬੂੰਦ ਦੀ ਪਿਆਸ ਜਿਵੇਂ ਰਹਿੰਦੀ ਹੈ ਪਪੀਹੇ ਤਾਈਂ
ਸਾਨੂੰ ਆਸਾਂ ਬੜੀਆਂ ।
ਵਸਦਾ ਰਹੇ ਵਿਹੜਾ ਬਾਬਲੇ ਦਾ ਅੰਮਈਂ ਨੀ;
ਖਿੜੀ ਰਹੇ ਗੁਲਜ਼ਾਰ ।
ਧੀਆਂ...............

2. ਛਡ ਕੇ ਚਲੀ ਸਰਦਾਰੀ ਧੀ ਅਜ;
ਸਾਂਭ ਲੈ ਨੀ ਮਾਏਂ ਕੁੰਜੀਆਂ ।
ਚਿੜੀਆਂ ਦੀ ਚੰਬਾ ਧੀਆਂ ਇਕ ਦਿਨ ਉਡ ਜਾਣਾ,
ਕਰਕੇ ਗਲੀਆਂ ਸੁੰਨੀਆਂ ।
ਘੁਟ-2 ਬੰਨ ਲਾਂਗੀ ਪਲੇ ਦਿਤੀ ਸਿਖਿਆ ਨੂੰ,
ਕਰਦੀ ਨਹੀਂ ਇਨਕਾਰ ।
ਧੀਆਂ...............

3. ਕੱਤਕ ਮਹੀਨੇ ਕੂੰਜਾਂ ਪੇਕੇ ਘਰ ਪੀਆਂ, ਚਾਰ ਦਿਨਾਂ ਦਾ ਮੇਲਾ ।
ਭਰਿਆ ਤਿਵੰਣ ਛਡ ਜਾਣ ਸਈਆਂ,
ਅ.ਉਂਦਾ ਏ ਜਦ ਵੇਲਾ ।
ਟੁਟਿਆ ਏ ਮਾਣ ਅਜ ਸਖੀਆਂ ਸਹੇਲੀਆਂ ਦਾ,
ਵਿਛੜੀ ਏ ਕੂੰਜਾਂ ਦੀ ਡਾਰਾਂ ।
ਧੀਆਂ ਨੇ ਟੁਰ ਜਾਣਾ ।

# ਗ੍ਰਿਹਸਥ-ਸਿਖਿਆ

ਨਵੀਨ ਛੰਦ

1. ਕਦਮ ਮਿਲਾ ਕੇ ਟੁਰੀਏ, ਠੇਡਾ ਠੋਕਰ ਖਾਈਏ ਨਾ ।
ਦੁਖ ਸੁਖ ਸਮ ਕਰ ਮੰਨੀਏ, ਦਿਲ ਨੂੰ ਕਦੇ ਡੁਲਾਈਏ ਨਾ ।
ਗੁਰਮੁਖ ਬਣ ਕੇ ਤਕੀਏ, ਸੋਹਣੇ ਜਗਤ ਨਜ਼ਾਰੇ ਨੂੰ ।
ਰਲ ਕੇ ਸਵਰਗ ਬਣਾਈਏ, ਜੀਵਨ ਗ੍ਰਿਹਸਥ ਪਿਆਰੇ ਨੂੰ ।

2. ਤੱਤ ਸਚਾਈਆਂ ਚੁਣ ਕੇ ਸੋਹਣਾ ਮੁਢ ਬੰਨਿਆ ਹੈ ।
ਸਗਲ ਧਰਮ ਮਹਿ ਗ੍ਰਿਹਸਥ ਧਰਮ ਪਰਧਾਨ ਮੰਨਿਆ ਹੈ ।
ਦਸਦਾ ਹੈ ਇਹ ਰਾਜ-ਜੋਗ ਦੇ ਢੰਗ ਨਿਆਰੇ ਨੂੰ ।

ਰਲ ਕੇ...............

3. ਆਪ ਗਵਾਈਏ ਸ਼ਹੁ ਪਾਈਏ, ਸਤਿਗੁਰ ਦਾ ਕਹਿਣਾ ਹੈ ।
ਮਿੱਠਾ ਬੋਲਣ ਨਿਵ ਕੇ ਰਹਿਣਾ, ਜੀਵਨ ਗਹਿਣਾ ਹੈ ।
ਖਿੜ ਖਿੜ ਮਹਿਕਾਂ ਵੰਡੀਏ, ਸਾਰੇ ਮਿਤਰ ਚਾਰੇ ਨੂੰ ।

ਰਲ ਕੇ...........

ਦੁਨੀਆਂ ਅੰਦਰ ਤਕੋ ਤਾਂ ਹਰ ਚੀਜ਼ ਦਾ ਜੋੜ ਏ।
ਜਿਦਾਂ ਹੋਵੇ ਮੇਲ ਤੇ ਮੇਲ ਦੇ ਨਾਲ ਵਿਛੋੜਾ ਏ।
ਮੁਕੀ ਅਜ ਜੁਦਾਈ, ਮਿਲਿਆ ਪ੍ਰੀਤਮ ਪਿਆਰੇ ਨੂੰ।

ਰਲ ਕੇ...............

ਸਤਿਗੁਰ ਦੇ ਚਰਨੀ ਬਹਿਕੇ, ਹੋਈ ਪਿਆਰ ਦੀ ਸੰਧੀ ਏ
ਜਿਵੇਂ ਫੁਲ ਦੇ ਅੰਦਰ ਰੰਗ; ਤੇ ਰੰਗ ਦੇ ਨਾਲ ਸੁਗੰਧੀ ਏ।
ਜੀਵਨ ਦੀ ਇਹ ਕਿਸ਼ਤੀ ਮਿਲ ਪਈ ਆਣ ਕਿਨਾਰੇ ਨੂੰ

ਰਲ............

ਸਮਾਪਤ